# ਕਿੰਨੀ ਦੂਰ .....?

(ਕਾਵਿ-ਸੰਗ੍ਰਿਹ)

ਮਨਜਿੰਦਰ ਸਿੰਘ ਬੀਸਲਾ

ਇਕ ਬਰਾਬਰ ਸਵਾ ਲੱਖ



**KINI DOOR .... ?**
**© Author**

ਲੇਖਕ -
ਮਨਜਿੰਦਰ ਸਿੰਘ ਬੀਸਲਾ
ਪਿੰਡ-ਮੱਲ੍ਹਾ ਸੋਢੀਆਂ
ਜਿਲ੍ਹਾ- ਨਵਾਂ ਸ਼ਹਿਰ
ਪੰਜਾਬ

ਪਰਦੇਸ ਰਹਾਇਸ਼
ਸਿਆਟਲ ,ਅਮਰੀਕਾ
ਫੋਨ : 253-332-3395

2009

**Asia Visions**
**Ludhiana**
**1-209-589-3367 (USA)**
**91-98159-45018**
**www.janmejajohl.com**
**janmeja@gmail.com**

# ਤਤਕਰਾ

5 ਦੋ -ਸ਼ਬਦ
7 ਪਰਖਾਂ
10 ਵੇਪਰਵਾਹ
12 ਵਿਕਾਊ
14 ਕੁੰਜੀਆਂ
16 ਸੰਤ- ਸਿਪਾਹੀ
19 ਕੰਧਾਂ ਨੂੰ ਕੰਨ
21 ਅੰਮ੍ਰਿਤ
23 ਸੱਚ
24 ਖਾਲਸਾ
25 ਝੂਠੀਆਂ ਸੋਹਾਂ
27 ਚੰਦ
28 ਖੋਜ
30 ਬੰਦਗੀ
31 ਮਿਹਰ
32 ਸਿੱਖੀ ਦਾ ਬੂਟਾ
33 ਸਚ ਤੇ ਗਿਲਾ
35 ਨਾਮ ਸਿਮਰਨ ਤੇ ਸਮਾਧੀ
37 ਮੰਤਰ
39 ਸਾਫ ਦਿਲ
41 ਦ੍ਰਿਭ ਦ੍ਰਿਸ਼ਟੀ
42 ਕੌੜੇ ਬੋਲ
44 ਭਗਤੀ



46 ਮਿਸਾਲ
48 ਵਿਚੋਲਾ
50 ਪ੍ਰੇਮ ਭਗਤੀ
51 ਫਿਕਰ
53 ਸੇਵਾ
55 ਰੁਕ ਰੁਕ
57 ਇੱਕ
60 ਸੰਸੇ
61 ਪਰਮੇਸ਼ਰ
63 ਦਸਵੇਂ ਪਾਤਿਸ਼ਾਹ ਜੀ ਦੇ ਖਾਲਸਾ ਸਜਾਓਣ ਸਮੇਂ ਬਚਨ

# ਦੋ -ਸ਼ਬਦ

ਸਿੱਖੀ ਬਾਰੇ ਪੜ੍ਹਦਿਆਂ ਤੇ ਵਿਚਾਰਦਿਆਂ ਇਕ ਦਿਲੋਂ ਕੁਝ ਕਵਿਤਾ ਨਿਕਲੀ ਕੁਝ ਕੁ ਇਤੀਹਾਸ ਦੀਆਂ ਝਾਕੀਆਂ ਅਤੇ ਕੁਝ ਕੁ ਅੱਜ ਦੇ ਹਾਲਾਤ ਬਾਰੇ ਚਰਚਾ ਜੋ ਕਿ ਸਚਾਈ ਲੱਭਣ ਦੀ ਕੋਸ਼ਿਸ਼ ਕਰਦੀ ਹੈ॥ਜੋ ਭਗਤੀ ਤੇ ਸ਼ਕਤੀ ਦਾ ਮੇਲ ਗੁਰਬਾਣੀ ਵਿਚ ਦੱਸਿਆ ਗਿਆ ਤੇ " ਸਵਾ ਲਾਖ ਸੇ ਏਕ ਲੜਾਂਓ" ਦਾ ਬਚਨ ਖਾਲਸੇ ਬਾਰੇ ਕੀਤਾ ਗਿਆ ॥ਕੀ ਅੱਜ ਦਾ ਸਿੱਖ ਇਸ ਉਪੱਰ ਚੱਲਣ ਲਈ ਸਹੀ ਰਸਤੇ ਹੈ ?

ਮਨਜਿੰਦਰ ਸਿੰਘ ਬੀਸਲਾ
ਸਿਆਟਲ , ਯੂ.ਐਸ.ਏ.



ਆਪਣੀ ਭਗਤੀ ਲਾਈ ਸਤਿਗੁਰ
ਆਪਣਾ ਨਾਮ ਜਪਾਈਂ
ਭਗਤੀ ਦੇ ਸੰਗ ਮੌਜਾਂ ਬੜੀਆਂ
ਆਪਣਾ ਮੇਲ ਕਰਾਂਈਂ
ਸਦਾ ਸਦਾ ਤੇਰਾ ਨਾਮ ਜਪਾਂ ਮੈ
ਸਦਾ ਸਦਾ ਤੁਧ ਧਿਆਈ
ਆਪਣੀ ਭਗਤੀ ਲਾਈ ਸਤਿਗੁਰ
ਆਪਣਾ ਨਾਮ ਜਪਾਈਂ

# ਪਰਖਾਂ

ਕੀਤੀਆਂ ਪਰਖਾਂ ਖਾਲਸੇ ਲਈ , ਗੁਰੂ ਕਲਗੀਆਂ ਵਾਲੇ ਨੇ

ਸੋਚਾਂ ਦੇ ਵਿਚ ਪੈ ਗਏ ਸਤਿਗੁਰ,ਤਪਦੀ ਵੇਖ ਲੁਕਾਈ

ਰਾਜੇ ਸ਼ੀਹ ਮੁਕੱਦਮ ਕੁੱਤੇ,ਧਰਮ ਦੀ ਸਾਰ ਨਾ ਪਾਈ

ਪਹਿਲਾਂ ਸਤਿਗੁਰ ਪੰਡਿਤ ਪਰਖੇ,ਸਦੀਆਂ ਤੋਂ ਜੋ ਗਿਆਨੀ

ਬਹੁਤੇ ਬਹਿ ਗਏ ਮਾਸ ਖਾਣ ਲਈ, ਥੋੜੇ ਰਹਿ ਗਏ ਧਰਮੀ

ਧਰਮੀ ਧਰਮ ਕਮਾਵਣ ਵਾਲੇ,ਥੋੜੇ ਪੰਡਿਤ ਬੰਦੇ

ਪਰਖ ਵਿਚ ਤਾਂ ਪੂਰੇ ਉਤਰੇ,ਲੜਨੋ ਡਰਦੇ ਰਹਿੰਦੇ

ਦੂਸਰੇ ਪਰਖੇ ਸੰਨਿਆਸੀ ਯੋਗੀ,ਕੰਨ ਪੜਾ ਕੇ ਬਹਿੰਦੇ

ਆਦਰਸ਼ਾਂ ਤੋਂ ਨੀਵੇਂ ਨਿਕਲੇ,ਪਾਖੰਡੀ ਲੁਟਦੇ ਰਹਿੰਦੇ

ਫੇਰ ਸਮੇਂ ਦੇ ਹਾਕਮ ਪਰਖੇ,ਆਪਸ ਵਿਚ ਲੜ ਮਰਦੇ

ਜਾਤ ਪਾਤ ਦੇ ਭੇਦ ਭਾਵ ਵਿਚ,ਕੋਈ ਇਨਸਾਫ ਨਾ ਕਰਦੇ



ਸਤਿਗੁਰ ਨੇ ਸਮਝਾਇਆ ਹਾਕਮੋ,ਇਕੱਠੇ ਹੋ ਕੇ ਲੜੀਏ

ਡਰਦੇ ਹਾਕਮ ਬਾਦਸ਼ਾਹ ਕੋਲੋਂ,ਕਹਿੰਦੇ ਬੇਮੌਤ ਕਿਓ ਮਰੀਏ

ਅੰਤ ਵੇਖਿਆ ਗੁਰੂ ਘਰ ਵੱਲ ,ਕਿੰਨੇ ਕੁ ਖਰੇ ਜਾਂ ਖੋਟੇ

ਸੰਗਤਾਂ ਦਾ ਧੰਨ ਖਾਕੇ ਪਲਦੇ,ਮਸੰਦ ਹੋਏ ਨੇ ਮੋਟੇ

ਸਤਿਗੁਰ ਕਹਿੰਦੇ ਵਿੱਚ ਖਜਾਨੇ,ਮਾਇਆ ਜਾਵੇ ਘਟਦੀ

ਚੋਰੀ ਤਾਂ ਨਹੀਂ ਕਰਦੇ ਤੁਸੀਂ, ਗੱਲ ਦੇਵੋ ਦਸ ਸੱਚ ਦੀ

ਸਾਲਾਂ ਤੋਂ ਅਸੀਂ ਗੁਰੂ ਘਰ ਲਈ,ਸੇਵਾ ਖੂਭ ਨਿਭਾਈਆਂ

ਪੂਜਾ ਧੰਨ ਇਕੱਠਾ ਕਰੀਏ,ਲੱਗੇ ਦੇਣ ਸਫਾਈਆਂ

ਦ੍ਵਿੱਬ ਦ੍ਰਿਸ਼ਟੀ ਨਾਲ ਸਤਿਗੁਰ ਵੇਖਣ,ਬਾਹਰ ਸਿੱਖ ਨੇ ਰੋਂਦੇ

ਪੂਜਾ ਧੰਨ ਪੂਰਾ ਨਾ ਪਹੁੰਚੇ,ਮਸੰਦ ਆਪਣੀ ਘਰੀਂ ਲੁਕਾਓਦੇ

ਸ਼ਸ਼ਤਰ ਧਾਰੀ ਸਿੰਘ ਭੇਜ ਕੇ,ਪੂਜਾ ਧੰਨ ਮੰਗਵਾਇਆ

ਨਾਲੇ ਚੋਰ ਨਾਲੇ ਚਤੁਰਾਈਆ,ਮਸੰਦਾਂ ਨੂੰ ਝਿੜਕਾਇਆ

ਸੋਚਣ ਪੂਰਾ ਪੁਰਖ ਬਣਾਈਏ,ਸਚ ਦਰਮ ਦਾਂ ਖੋਜੀ

ਸੇਵਾ ਕਿਰਤ ਕਰੇ ਕੁਰਬਾਨੀ,ਵੇਪਰਵਾਹ ਤੇ ਮੌਜੀ

ਭੇਜ ਹੁਕਮਨਾਮੇ ਪੁਰਬ ਵਿਸਾਖੀ,ਇਕੱਠ ਗੁਰਾਂ ਨੇ ਕਰਿਆ

ਦੇਸ਼ ਵਿਦੇਸ਼ੋ ਸੰਗਤਾਂ ਆਈਆਂ,ਆਨੰਦ ਪੁਰ ਦਿਸੇ ਭਰਿਆ

ਕੱਢ ਤਲਵਾਰ ਸੀਸ ਮੰਗੇ ਤੇ,ਕੀਤੇ ਕੌਤਕ ਨਿਆਰੇ

ਜਾਨ ਤਲੀ ਧਰ ਹਾਜਰ ਹੋਏ,ਸੂਰਮੇਂ ਪੰਜ ਪਿਆਰੇ

ਬਖਸ਼ ਕਕਾਰ ਤੇ ਰਹਿਤਾਂ ਸਤਿਗੁਰ,ਖਾਲਸਾ ਪਏ ਸਜਾਵਣ

ਅਰਸ਼ਾਂ ਉੱਤੋਂ ਦੇਵਤੇ ਆਕੇ, ਲੱਗੇ ਫੁੱਲ ਵਰਸਾਵਣ

ਬੈਠ 'ਬੀਸਲਾ' ਵਿਚ 'ਸਿਆਟਲ' ਸਤਿਗੁਰ ਤਾਂਈ ਪੁਕਾਰੇ

ਧਨ ਹੈਂ ਦਸ਼ਮੇਸ਼ ਪਿਤਾ,ਧਨ ਤੇਰੇ ਚੋਜ ਨਿਆਰੇ॥



# ਵੇਪਰਵਾਹ

ਗੁਰੂ ਨੇ ਬਣਾਇਆ ਸਿਖ ਬੇਪਰਵਾਹ
ਅੱਜ ਤੁਰ ਪਏ ਅਸੀ਼ ਪੁੱਠੇ ਸਿੱਧੇ ਰਾਹ
ਭਾਈ ਪਾਠ ਕਰਦੇ ਨੇ ਪਿਗ ਸ਼ਿਗ ਲਾ
ਮੁਰਗੇ ਦੀ ਲੱਤ ਲੈਣ ਦਾੜ੍ਹ ਚ ਫਸਾ
ਗੁਰੂ ਨੇ-------------

ਬਾਬੇ ਨਾਨਕ ਨੇ ਦੱਸਿਆ ਸੱਚ ਵਾਲਾ ਰਾਹ
ਰੁੱਖੀ ਮਿਸੀ ਖਾ ਭਾਈ ਲਾਲੋ ਘਰ ਜਾ
ਸਾਦਗੀ ਦੇ ਨਾਲ ਤੂੰ ਜੀਵਨ ਬਿਤਾਂ
ਸਭ ਭੁੱਲ ਗਿਆ ਹੰਕਾਰ ਵਿਚ ਆ
ਗੁਰੂ ਨੇ ---------

ਪਿਆਰ ਨਾਲ ਬਾਬੇ ਨੇ ਸਿਖਾਇਆ ਸਭ ਨੂੰ
ਜਪੁਜੀ ਦਾ ਪਾਠ ਪੜਾਇਆ ਸਭ ਨੂੰ
ਰੱਬ ਇਕ ਹੈ,ਪਹਿਲਾਂ ਸਚ ਸੀ
ਹੁਣ ਸਚ ਆ,ਅੱਗੇ ਸਚ ਰਹੂਗਾ
ਗੁਰੂ ਨੇ ---------

ਸਦੀ ਇਕੀਵੀ ਹਾਲ ਗੁਰੂ ਘਰ
ਜੋ ਵੀ ਜਾ ਕੇ ਵੇਖੇ
ਪ੍ਰਧਾਨਗੀਆਂ ਦੇ ਬਦਲੇ ਸਭ ਨੂੰ
ਪੈ ਗਏ ਭਰਮ ਭੁਲੇਖੇ
ਕਦੇ ਨਾ ਲੈਂਦੇ ਸੁਖ ਦਾ ਸਾਹ
ਗੁਰੂ ਨੇ----------

ਪੈਸੇ ਖਾਤਰ ਝੂਠੀਆਂ ਹੀ ਕਰਨ ਅਰਦਾਸਾਂ
ਬੰਦੇ ਨੂੰ ਬਨ੍ਹਾਓਦੇ ਪਏ ਝੂਠੀਆਂ ਹੀ ਆਸਾਂ
ਜਾਣਦੇ ਨਾ ਆਪ ਇਹ ਰੱਬ ਵਾਲਾ ਰਾਹ
ਗੱਲੀ ਬਾਤੀ ਦਿੰਦੇ ਰੱਬ ਸਾਹਮਣੇ ਵਿਖਾ
ਗੁਰੂ ਨੇ----------

ਸਚ ਦਾ ਤਾਂ ਲੋਕੀ ਦਿੰਦੇ ਸਿਰ ਵੱਢਵਾ '
ਬੀਸਲਿਆ' ਤੂੰ ਖਰਾ-ਖਰਾ ਲਿਖੀ ਜਾ
ਸਚ ਸੁਣ ਕੇ ਤਾਂ ਕਈ ਜਾਣ ਘਬਰਾ
ਗੁਰੂ ਨੇ------------



# ਵਿਕਾਊ

ਹਰ ਇਕ ਚੀਜ਼ ਵਿਕਾਊ, ਇਕ ਤੂੰ ਨਹੀਂ ਵਿਕਦਾ
ਰੱਬਾ ਤੈਨੂੰ ਕਿਹੜਾ ਪਾਊ, ਇਕ ਤੂੰ ਨਹੀਂ ਵਿਕਦਾ

ਸੱਚ ਝੂਠ ਦੀ ਪਰਖ ਤੇਰੇ ਕੋਲ, ਲੋੜ ਨਹੀਂ ਕਿਸੇ ਦੂਜੇ ਦੀ
ਇਕ ਝਲਕ ਵਿਚ ਪਰਖ ਕੱਢ ਲਵੇਂ, ਛੁਪੇ ਨਾ ਕੋਈ ਅਜੂਬੇ ਜੀ
ਲੁਕਣ ਮੀਟੀਆਂ ਖੇਡਣ ਸਾਰੇ, ਹਰ ਕੋਈ ਜਾਣੇ ਛਿਪਦਾ,
ਹਰ ਇਕ ਚੀਜ਼ ਵਿਕਾਊ, ਇਕ ------------

ਰੱਬ ਦੇ ਘਰ ਵੀ ਪੈਦੀਆਂ ਵੋਟਾਂ, ਖਰੀਦਣ ਦੇ ਲਈ ਮਾਰਨ ਚੋਟਾਂ
ਝੋਲੀਆਂ ਭਰ ਲਓ ਨਾਲ ਜੀ ਨੋਟਾਂ, ਕਦੇ ਨਾ ਵੇਖੋ ਖਰਾ ਜਾ ਖੋਟਾ
ਵੱਧ ਵੋਟਾਂ ਨਾਲ ਪ੍ਰਧਾਨ ਬਣੇ ਜੀ ,ਧੱਕੇ ਨਾਲ ਭਾਵੇਂ ਜਿਤਦਾ
ਹਰ ਇਕ ਚੀਜ਼ ਵਿਕਾਊ, ਇਕ ------------

ਧਰਮ ਵੋਟਾਂ ਦਾ ਮੇਲ ਕੋਈ ਨਾਂ, ਚੰਗੀ ਤਰਾਂ ਇਹ ਜਾਣ ਲਵੋ
ਅਕਲ ਜੇ ਹੈ ਮਾੜੀ ਮੋਟੀ, ਪੜ੍ਹ ਇਤੀਹਾਸ ਪਛਾਂਣ ਲਵੋ
ਵੋਟਾਂ ਨਾਲ ਜੋ ਬਣਿਆ ਹੋਵੇ, ਕੋਈ ਗੁਰੂ ਪੀਰ ਤੁਹਾਨੂੰ ਦਿਸਦਾ
ਹਰ ਇਕ ਚੀਜ਼ ਵਿਕਾਊ, ਇਕ ------------

ਧਰਮ ਪੂਰੀ ਦੁਨਿਆਂ ਦੇ ਤੱਕ ਲਓ,
ਬੋਲੀ ਵੱਖਰੀ ਪਰ ਮੰਜ਼ਿਲ ਇਕੋ
ਛੱਡ ਔਗੁਣ ਚੰਗਿਆਈ ਸਿੱਖੋ, ਅੰਨੇ ਹੋ ਕੇ ਕਦੇ ਨਾ ਵਿਕੋ
ਧਰਮ ਅਸਥਾਨ ਸਭ ਭਰੇ ਪਏ ਨੇ, ਪਹੁੰਚਿਆ ਵਿਰਲਾ ਦਿਸਦਾ
ਹਰ ਇਕ ਚੀਜ਼ ਵਿਕਾਊ, ਇਕ ------------

ਪਹੁੰਚੇ ਪੁਰਖ ਦੀ ਨਦਰਿ ਮਿਹਰ ਲਈ ,ਹਰ ਵੇਲੇ ਅਰਦਾਸ ਕਰੋ
ਕਰਮਾਂ ਦੇ ਵਿਚ ਹੋਇਆ ਕਿਧਰੇ, ਸੱਚੇ ਰਬ ਦਾ ਜਾਪ ਕਰੋ
ਵਿਰਲਾ ਕੋਈ ਤੈਨੂੰ ਪਾਊ, ਪਿਆਰ ਨਾਲ ਜੋ ਜਪਦਾ
ਹਰ ਇਕ ਚੀਜ਼ ਵਿਕਾਊ, ਇਕ ------------

ਸੰਤਾਂ-ਭਗਤਾਂ ਦੀ ਓਟ ਤੇਰੇ ਤੇ, ਯਾਦ ਕਰਾਂ ਮੈਂ ਭੀੜ੍ਹ ਪਈ ਤੇ
ਸੱਚ ਦਾ ਰਸਤਾ ਔਕੜਾਂ ਭਰਿਆ,
ਨਿਮਾਣਿਆਂ ਮਾਣ ਤੇਰੇ ਤੇ ਕਰਿਆ
ਦੂਖ ਪਾਪ ਦਾਂ ਨਾਸ਼ ਕਰਨ ਲਈ, ਜੇ ਤੂੰ ਨਾਲ ਨਾ ਖੜ੍ਹਦਾ
'ਮਨਜਿੰਦਰ 'ਕਿੱਦਾਂ ਵੱਸਦਾ
ਹਰ ਇਕ ਚੀਜ਼ ਵਿਕਾਊ, ਇਕ ------------



# ਕੁੰਜੀਆਂ

ਇਹ ਧਰਮ ਬਾਣੀ ਦੀਆਂ ਕੁੰਜੀਆਂ, ਸਾਧੂ ਸੰਤ ਪਿਆਰੇ ਜੀ

ਵੱਡੇ ਭਾਗੀਂ ਪ੍ਰਾਪਤ ਹੁੰਦੀਆਂ, ਵਿਗੜੇ ਕਾਜ ਸਵਾਰੇ ਜੀ

ਪਾਪੀ ਪਾਉਂਦੇ ਰਹਿੰਦੇ ਵੰਡੀਆਂ, ਨਿਤ ਨਵੇਂ ਖਿਲਾਰੇ ਜੀ

ਇਹ ਧਰਮ ਬਾਣੀ ਦੀਆਂ ਕੁੰਜੀਆਂ, ਸਾਧੂ ਸੰਤ ਪਿਆਰੇ ਜੀ

ਸੰਤਾਂ ਭਗਤਾਂ ਕੋਲ ਸਚ ਦੀ ਸਿਖਿਆ, ਸਚ ਹੀ ਸਦਾ ਸੁਣਾਉਂਦੇ ਨੇ

ਵਿਰਲੇ ਸਚ ਦੀ ਪ੍ਰਾਪਤੀ ਕਰਦੇ, ਬਹੁਤੇ ਝੂਠ ਫਲਾਉਂਦੇ ਨੇ

ਸਚ ਨੇ ਤਾਂ ਸਦਾ ਸਚ ਹੀ ਰਹਿਣਾ,
ਗਲ ਸਚ ਦਾ ਵੱਡਣਾ ਚਾਹੁੰਦੇ ਨੇ

ਸੱਚੇ ਸੰਤ ਨਾ ਕਿਸੇ ਤੋ ਡਰਦੇ, ਰਬ ਨਾਲ ਪਿਆਰ ਜੋ ਪਾਉਂਦੇ ਨੇ

ਪਿਆਰ ਜਦੋਂ ਰੱਬ ਨਾਲ ਪੈ ਗਿਆ, ਰੱਬ ਦੇ ਰਹਿਣ ਸਹਾਰੇ ਜੀ

ਭਗਤ ਅਡੋਲ ਮੈ ਬੈਠੇ ਸੁਣਿਆਂ, ਆਕੇ ਥੱਲਿਆਂ ਆਰੇ ਜੀ

ਇਹ ਧਰਮ ਬਾਣੀ ਦੀਆਂ ਕੁੰਜੀਆਂ, ਸਾਧੂ ਸੰਤ ਪਿਆਰੇ ਜੀ
ਵੱਡੇ ਭਾਗੀਂ-----------------------

ਨਿਰਭਉ ਨਿਰਵੈਰ ਹੈ ਰੱਬ ਸਦਾ ਹੀ,
ਬਾਬੇ ਨਾਨਕ ਨੇ ਫੁਰਮਾਇਆ ਏ

ਇਹੀ ਗੁਣ ਸੰਤਾਂ ਭਗਤਾਂ ਵਿਚ ,ਰਹਿੰਦਾ ਸਦਾ ਸਮਾਇਆ ਏ

ਸੰਤ ਭਗਤ ਤਾਂ ਰੱਬ ਦੇ ਪੁੱਤਰ,ਇਹ ਧੁਰੋਂ ਲਿਖਿਆ ਆਇਆ ਏ

ਭਵਸਾਗਰ ਪਾਰ ਹੋ ਜਾਂਦੇ ਨੇ,ਹਿਰਦੇ ਨਾਮ ਨੂੰ ਜਿਨ੍ਹਾ ਵਸਾਇਆ ਏ

ਅਰਦਾਸ ਭਲੇ ਦੀ ਕਰਨ ਸਦਾ ਹੀ,ਸਚ ਨੂੰ ਜਾਨਣਹਾਰੇ ਜੀ

ਦੀਨ ਦੁਖੀਆਂ ਦੀ ਕਰਨ ਸਹਾਇਤਾ,ਦੁਖ ਕਾਟਣਹਾਰੇ ਜੀ
ਇਹ ਧਰਮ ਬਾਣੀ ਦੀਆਂ ਕੁੰਜੀਆਂ, ਸਾਧੂ ਸੰਤ ਪਿਆਰੇ ਜੀ
ਵੱਡੇ ਭਾਗੀਂ------------------------

ਦੁਖੀਆਂ ਦੇ ਦੁਖੜੇ ਹਰਦੇ, ਪਾਪੀਆਂ ਦੇ ਪਾਜ ਨੂੰ ਖੋਲਣ
ਸਚ ਸਦਾ ਹੀ ਬੋਲਣ,ਕਈ ਝੂਠੇ ਲਗ ਪਏ ਡੋਲਣ
ਭਟਕਿਆਂ ਨੂੰ ਰਾਹੇ ਪਾਉਂਦੇ,ਰਹਿੰਦੇ ਪਿਆਰ ਨਾਲ ਸਮਝਾਉਂਦੇ

ਵੇਪਰਵਾਹ ਨੇ ਸੰਤ ਭਗਤ ,ਹਰ ਥਾਂ ਫਿਰਨ ਗੁਣ ਗਾਂਉਦੇ
ਗੁਣ ਗਾ ਕੇ ਭਗਤਾਂ ਨੇ,ਭਗਤੀ ਦੇ ਭਰੇ ਭੰਡਾਰੇ ਜੀ

ਰੱਬ ਦੇ ਗੁਣ ਗਾਵਣ ਲਈ ,'ਬੀਸਲਾ' ਅਰਜ਼ ਗੁਜਾਰੇ ਜੀ
ਇਹ ਧਰਮ ਬਾਣੀ ਦੀਆਂ ਕੁੰਜੀਆਂ, ਸਾਧੂ ਸੰਤ ਪਿਆਰੇ ਜੀ
ਵੱਡੇ ਭਾਗੀਂ------------------------



# ਸੰਤ- ਸਿਪਾਹੀ

ਸਿਪਾਹੀ ਬਨਾਉਣ ਦੀ ਕੀ ਲੋੜ ਪੈ ਗਈ
ਭੋਲੇ ਭਾਲੇ ਤੇ ਸਿੱਧੇ ਸਾਦੇ ਸੰਤਾਂ ਨੂੰ
ਦੁਖੀ ਦਰਦੀ ਦੁਨਿਆਂ ਜਦੋਂ ਯਾਦ ਕਰੇ
ਰੱਬ ਭੇਜਦਾ ਭਗਤ ਫਿਰ ਅੰਤਾਂ ਨੂੰ

ਭਗਤੀ ਦਾ ਮਾਰਗ ਹੈ ਵੱਖਰਾ
ਸ਼ਕਤੀ ਦਾ ਮਾਰਗ ਹੈ ਵੱਖਰਾ
ਭਗਤੀ ਦੇ ਮਾਰਗ ਤੇ ਚਲ ਕੇ
ਤਲਵਾਰ ਉਠਾਉਣਾ ਔਖਾ ਹੈ
ਭਗਤਾਂ ਦੇ ਹਨ ਕੋਮਲ ਹਿਰਦੇ
ਹਥਿਆਰ ਚਲਾਉਣਾ ਔਖਾ ਹੈ
ਸ਼ਕਤੀ ਦੇ ਮਾਰਗ ਤੇ ਚਲ ਕੇ
ਕੋਈ ਮਾਲਾ ਕਿਦਾਂ ਫੇਰ ਲਵੇ
ਲੜਨ ਮਰਨ ਦਾ ਨਾ ਹੈ ਸਕਤੀ
ਕੋਈ ਹੰਝੂ ਕਿੱਦਾਂ ਕੇਰ ਲਵੇ
ਮਾਲਾ ਤਲਵਾਰ ਦੋਵੇਂ ਹੋਏ ਇਕੱਠੇ
ਸਾਜਣਗੇ ਨਵੇਂ ਪੰਥਾਂ ਨੂੰ
ਸਿਪਾਹੀ ਬਨਾਉਣ ਦੀ ਕੀ ਲੋੜ ਪੈ ਗਈ
ਭੋਲੇ ਭਾਲੇ -------------

ਸਮਝ ਆਵੇ ਨਾ ਦਸਵੇਂ ਗੁਰ ਦੀ
ਰਾਜੇ ਸਲਾਹਾਂ ਕਰਦੇ ਨੇ
ਭਗਤੀ ਤੇ ਸ਼ਕਤੀ ਨੂੰ ਸੁਣਿਆ
ਰਹਿੰਦੇ ਇਕੱਠਿਆਂ ਕਰਦੇ ਨੇ
ਸਿਮਰਨ ਦੇ ਵਿਚ ਮਨ ਨੂੰ ਰੱਖਣ
ਨਾਲੇ ਜੰਗੀ ਤਿਆਰੀ ਕਰਦੇ ਨੇ
ਭਗਤੀ ਸ਼ਕਤੀ ਦੀ ਪੂਰੀ ਸਿਖਿਆ
ਆਪਣੇ ਪਿਆਰਿਆਂ ਵਿਚ ਭਰਦੇ ਨੇ
ਭਗਤੀ ਸ਼ਕਤੀ ਦਾ ਮੇਲ ਸੋਹਣਾ
ਤਾਰਦੇ ਨੇ ਜੀਵਾਂ ਜੰਤਾਂ ਨੂੰ
ਸਿਪਾਹੀ ਬਨਾਉਣ ਦੀ ਕੀ ਲੋੜ ਪੈ ਗਈ
ਭੋਲੇ ਭਾਲੇ ---------------

ਭਗਤੀ ਦੇ ਵਿਚ ਹੈਨ ਪੂਰੇ
ਸ਼ਕਤੀ ਦੇ ਵਿਚ ਹੈਨ ਪੂਰੇ
ਬਾਬੇ ਨਾਨਕ ਨੇ ਜੋ ਸ਼ੁਰੂ ਕੀਤੇ
ਕੰਮ ਅਜੇ ਕੁਝ ਰਹਿਣ ਅਧੂਰੇ
ਦਸਵੀਂ ਜੋਤ ਨਾਨਕ ਦੀ ਹੈ
ਕਲਯੁਗ ਦੇ ਅਵਤਾਰ ਸੂਰੇ
ਗੁਰਬਾਣੀ ਵਾਲੀ ਸਿਖਿਆ ਦੇਕੇ
ਦੁਖਾਂ ਦੁਸ਼ਟਾਂ ਤੋਂ ਰੱਖਣ ਦੂਰੇ
ਛੇਵੇਂ ਗੁਰਾਂ ਨੇ ਮੀਰੀ ਪੀਰੀ ਤੋਰੀ
ਵਧਾਉਣ ਆਏ ਨੇ ਸਿਧਾਤਾਂ ਨੂੰ

ਸਿਪਾਹੀ ਬਨਾਉਣ ਦੀ ਕੀ ਲੋੜ ਪੈ ਗਈ
ਭੋਲੇ ਭਾਲੇ --------------



ਸੰਤ ਸਿਪਾਹੀ ਦਾ ਸਿਧਾਂਤ ਨਿਆਰਾ
ਦਸਵੇਂ ਗੁਰ ਨੇ ਚਲਾ ਦਿੱਤਾ
ਉੱਚੇ ਨੀਵੇਂ ਤੇ ਜਾਤ ਪਾਤ ਸਾਰੀ
ਸਭਨੂੰ ਇਕੱਠਿਆਂ ਬਿਠਾ ਦਿੱਤਾ
ਜਬਰ ਜੁਲਮ ਅੱਗੇ ਝੁਕਣਾਂ ਨਹੀਂ
ਸਚ ਦਾ ਪਾਠ ਪੜ੍ਹਾ ਦਿੱਤਾ
ਮਾਲਾ ਦੇ ਨਾਲ ਤਲਵਾਰ ਪਹਿਨੋ
ਸਾਧੂ ਸੰਤਾਂ ਨੂੰ ਸਮਝਾ ਦਿੱਤਾ
ਸੰਤ ਸਿਪਾਹੀ ਦੇ ਚਮਤਕਾਰ ਪੜ੍ਹਕੇ
'ਬੀਸਲਾ' ਦੱਸੂਗਾ ਹੁਣ ਬੇਅੰਤਾਂ ਨੂੰ
ਸਿਪਾਹੀ ਬਨਾਉਣ ਦੀ ਕੀ ਲੋੜ ਪੈ ਗਈ
ਭੋਲੇ ਭਾਲੇ ------------

# ਕੰਧਾਂ ਨੂੰ ਕੰਨ

ਭੇਦ ਅਸੀਂ ਸਾਰੇ ਕੱਢ ਲੈਣੇ , ਕੰਧਾਂ ਨੂੰ ਲਗ ਗਏ ਕੰਨ ਮਿੱਤਰੋ,

ਸਚ ਧਰਮ ਦੇ ਗੀਤ ਜੋ ਸਾਰੇ ,ਵਿਚ ਟੇਪਾਂ ਹੋ ਗਏ ਬੰਦ ਮਿੱਤਰੋ

ਮੀਂਹ ਪੈਣ ਤੋਂ ਬਾਅਦਾਂ ਕਈ ਵਾਰੀ ,
ਕੀੜਿਆਂ ਨੂੰ ਲਗ ਜਾਣ ਖੰਭ ਮਿੱਤਰੋ

ਸਿਆਂਣਪਾ ਦੇ ਤਾਂ ਜਾਲ ਵਿਛਾਤੇ ,
ਨਿਤ ਨਵੇਂ ਚੜਾਉਦੇ ਚੰਦ ਮਿੱਤਰੋ

ਜਬਰੀ ਗੱਲਾਂ ਮਨਾਉਣ ਲਈ ,ਮਾਰ ਦਿਓ ਕਰ ਕੇ ਜੰਗ ਮਿੱਤਰੋ

ਮੁਰੱਮਤੀ ਬੜੀ ਜਰੂਰੀ ਹੈ ,ਲੱਭੋ ਕੋਈ ਵਧਦੀਆਂ ਸੰਦ ਮਿੱਤਰੋ

ਉਡਣੇ ਨੂੰ ਪੰਛੀ ਕਰਦਾ ਹੈ ,ਛੇਤੀ ਕੁਤਰੋ ਇਹਦੇ ਖੰਭ ਮਿੱਤਰੋ

ਚੋਗਾ ਪਾ ਕੇ ਇਹਨੂੰ ਟਿਕਾਓ ,
ਇਹਨੂੰ ਕਿਹੜੀ ਚੋਗ ਪਸੰਦ ਮਿੱਤਰੋ

ਢਿਵਰੀ ਇਹਦੀ ਟਾਇਟ ਕਰੋ ,ਕੋਈ ਲੱਭੋ ਬਹਾਨਾ ਢੰਗ ਮਿੱਤਰੋ

ਸੁੱਖ ਨਾਲ ਨਹੀਂ ਜੀਣ ਦੇਣਾ ,



ਇਹਨੂੰ ਪੂਰਾ ਕਰ ਦਿਓ ਤੰਗ ਮਿੱਤਰੋ

ਗਰੀਬਾਂ ਦੀ ਆਮਦਨੀ ਦੇ ਜੀ ,
ਸਾਰੇ ਰਸਤੇ ਕਰ ਦਿਓ ਬੰਦ ਮਿੱਤਰੋ

ਭਾਈਚਾਰੇ ਨੂੰ ਵੀ ਸਿਖਾਲ ਦਿਓ , ਝੂਠ ਫਰੇਬ ਤੈ ਦੰਭ ਮਿੱਤਰੋ

ਤੀਲੀ ਲਾ ਹੁਸ਼ਿਆਰੀ ਨਾਲ , ਡੱਬੂ ਨੂੰ ਚਾੜ੍ਹੋ ਕੰਧ ਮਿੱਤਰੋ

ਪਾਉੜੀ ਤਾਂ ਆਪਾਂ ਚੁੱਕ ਲੈਣੀ ,
ਕੋਈ ਕਿੱਦਾਂ ਚੜ੍ਹ ਜਾਊ ਕੰਧ ਮਿੱਤਰੋ

ਈਰਖਾ ਅਕਲ ਖਰਾਬ ਕਰੇ, ਭਰਦੀ ਬੇਈਮਾਨੀ ਦਾ ਗੰਦ ਮਿੱਤਰੋ

ਦੀਮਾਗ ਤਾਂ ਭਰ ਕੇ ਉੱਛਲਦਾ, ਹੁਣ ਕਿੱਦਾਂ ਲਾਈਏ ਬੰਨ੍ਹ ਮਿੱਤਰੋ

ਬੇਦਰਦੀ ਤੇ ਜ਼ਾਲਮ ਦੁਨਿਆਂ, ਕਰੇ ਜ਼ੁਲਮ ਹੋਵੇ ਪ੍ਰਸੰਨ ਮਿੱਤਰੋ

ਪ੍ਰਸੰਨਤਾ ਨਹੀਂ ਇਹ ਨੀਚਤਾ ਹੈ , ਹੁੰਦੀ ਸਹਿਨਸ਼ੀਲਤਾ ਮਿੱਤਰੋ

ਧਿਆਨ ਨਾਲ ਤੂੰ ਡਰਾਇਵ ਕਰ,
ਸਿਟੀ ਦੀਆਂ ਸੜਕਾਂ ਤੰਗ ਮਿੱਤਰੋ
ਜੇ ਚੈੱਕ ਵਧੀਆ ਆ ਗਿਆ ਤਾਂ, ਹੋਊ ਵੀਕਐਂਡ ਤੇ ਫਨ ਮਿੱਤਰੋ
ਸਚ ਬੋਲਣਾ ਗੁਰੂ ਸਿਖਾਇਆ, ਨਾ ਕੋਈ ਸ਼ਰਮ ਤੇ ਸੰਗ ਮਿੱਤਰੋ
ਸਚ ਦੀਆਂ ਗੱਲਾਂ ਸੁਨਾਉਣੇ ਲਈ,
ਸਿੰਘ''ਬੀਸਲਾ'' ਲਿਖਦਾ ਛੰਦ ਮਿੱਤਰੋ

# ਅੰਮ੍ਰਿਤ

ਦਿਲ ਅੰਮ੍ਰਿਤ ਛਕਣੇ ਨੂੰ ਕਰਦਾ
ਖੰਡੇ-ਬਾਟੇ ਵਾਲਾ ਛਕਣਾ ਏ

ਗੁਰੂ ਵਾਲੇ ਬਣਨ ਦੀ ਇੱਛਾ
ਸਬਕ ਧਰਮ ਦਾ ਸਿਖਣਾ ਏ
ਆਵਣ ਜਾਵਣ ਜੰਮਣ ਮਰਨਾ
ਚੱਕਰ ਚੁਰਾਸੀ ਕੱਟਣਾ ਏ
ਦਿਲ ਅੰਮ੍ਰਿਤ ਛਕਣੇ ਨੂੰ ਕਰਦਾ
ਖੰਡੇ-ਬਾਟੇ ਵਾਲਾ ਛਕਣਾ ਏ

ਇਸ ਸੰਸਾਰ ਉਤੇ ਕਿਓ ਆਏ
ਇਸਦਾ ਭੇਦ ਵੀ ਲੱਭਣਾ ਏ
ਗੁਰੂ ਵਾਲੇ ਬਣ ਕੇ ਖੋਜੋ
ਗੁਰ ਬਿਨ ਗਿਆਨ ਤੋਂ ਸੱਖਣਾ ਏ
ਦਿਲ ਅੰਮ੍ਰਿਤ ਛਕਣੇ ਨੂੰ ਕਰਦਾ
ਖੰਡੇ-ਬਾਟੇ ਵਾਲਾ ਛਕਣਾ ਏ

ਮਨ ਤਾਂ ਦਸੀਂ ਦਿਸ਼ਾਵਾ ਘੁੰਮਦਾ
ਆਪਾਂ ਥਿਰ ਘਰ ਵੱਸਣਾ ਏ
ਭਰਮ -ਭੁਲੇਖੇ ਪੈ ਗਏ ਜੱਗ ਤੇ
ਸਚ ਦਾ ਰਸਤਾ ਦੱਸਣਾ ਏ
ਦਿਲ ਅੰਮ੍ਰਿਤ ਛਕਣੇ ਨੂੰ ਕਰਦਾ
ਖੰਡੇ-ਬਾਟੇ ਵਾਲਾ ਛਕਣਾ ਏ



ਸੁਣਿਆਂ ਪੰਜ ਤੱਤਾਂ ਤੋਂ ਉਪਜੇ
ਮੁੜ ਪੰਜਾਂ ਵਿਚ ਖੱਪਣਾ ਏ
ਸਾਰੀਆਂ ਅਕਲ ਸਿਆਂਣਪਾਂ ਇਥੇ
ਭੇਦ ਧਰਮ ਨੇ ਦੱਸਣਾ ਏ
ਦਿਲ ਅੰਮ੍ਰਿਤ ਛਕਣੇ ਨੂੰ ਕਰਦਾ
ਖੰਡੇ-ਬਾਟੇ ਵਾਲਾ ਛਕਣਾ ਏ

ਇਹ ਜਗ ਰਚਨਾ ਹੈ ਝੂਠੀ
ਨਾ ਕਦੇ ਜੰਜਾਲੀ ਫਸਣਾ ਏ
ਪੈ ਗਿਆ ਸਕਤਵਾਰ ਜਮਦੂਤ
ਸਰੀਰੋਂ ਰੂਹ ਨੇ ਨੱਸਣਾ ਏ
ਦਿਲ ਅੰਮ੍ਰਿਤ ਛਕਣੇ ਨੂੰ ਕਰਦਾ
ਖੰਡੇ-ਬਾਟੇ ਵਾਲਾ ਛਕਣਾ ਏ

# ਸੱਚ

ਸੱਚੇ ਬੰਦੇ ਸਮਾਜ ਲਈ ,ਜੇ ਸੱਚੀਂ ਖਤਰਨਾਕ ਨੇ
ਦਸੀਂ ਰੱਬਾ ਸੱਚ ਤੈਂ ਬਣਾਇਆ ਕਾਹਦੇ ਲਈ

ਬੁਰੇ ਭਲੇ ਹਰ ਇਕ ਜੀਵ ਵਿਚ ਵੀ ਤੂੰ ਵਸੇਂ
ਇਹ ਸਾਰਾ ਭੇਦ ਤੂੰ ਲੁਕਾਇਆ ਕਾਹਦੇ ਲਈ
ਪੱਥਰਾਂ ਦੀ ਸੱਟ ਨਾ ਡੁਲਾ ਸਕੀ ਮਨਸੂਰ ਤਾਈਂ
ਇਕ ਫੁੱਲ ਮਾਰ ਕੇ ਰੁਆਇਆ ਕਾਹਦੇ ਲਈ
ਸੱਚੇ ਬੰਦੇ ਸਮਾਜ ਲਈ ,ਜੇ ਸੱਚੀਂ ਖਤਰਨਾਕ ਨੇ
ਦਸੀਂ ਰੱਬਾ ਸੱਚ -------------

ਸੁਖਮਨੀ ਸਾਹਿਬ ਵਰਗੀ ਬਾਣੀ ਜੋ ਉਚਾਰ ਗਏ
ਤਪਦੀ ਲੁਕਾਈ ਨੂੰ ਉਹ ਬਾਣੀ ਨਾਲ ਠਾਰ੍ਹ ਗਏ
ਸੰਤਾਂ ਪਿਆਰਿਆਂ ਦਾ ਕਰ ਸਤਿਕਾਰ ਗਏ
ਤੱਤੀਆਂ ਲੋਹਾਂ ਦੇ ਉਤੇ ਪੰਜਵੇਂ ਗੁਰਾਂ ਨੂੰ ਬਿਠਾਇਆ ਕਾਹਦੇ ਲਈ
ਸੱਚੇ ਬੰਦੇ ਸਮਾਜ ਲਈ ,ਜੇ ਸੱਚੀਂ ਖਤਰਨਾਕ ਨੇ
ਦਸੀਂ ਰੱਬਾ ਸੱਚ -----------

ਨਵੀਆਂ ਪੁਰਾਣੀਆਂ ਹਕੂਮਤਾਂ ਨੇ ਡਾਹਡੀਆਂ
ਕੀ ਮਜਬੂਰੀਆਂ ਤੇ ਦੂਰੀਆਂ ਨੇ ਤੁਹਾਡੀਆਂ
ਸੱਚ ਨੂੰ ਛੁਪਾਈ ਜਾਵੋਂ ਕੀਤੀਆਂ ਨੇ ਵਾਧੀਆਂ
ਹਸਦੇ ਤੇ ਵਸਦੇ ਭੋਲੇ ਪਰਦੇਸੀ ਜਿਹੇ
'ਬੀਸਲੇ' ਨੂੰ ਮੂਰਖ ਬਣਾਇਆ ਕਾਹਦੇ ਲਈ
ਸੱਚੇ ਬੰਦੇ ਸਮਾਜ ਲਈ ,ਜੇ ਸੱਚੀਂ ਖਤਰਨਾਕ ਨੇ
ਦਸੀਂ ਰੱਬਾ ਸੱਚ ਤ੍ਹੈ ਬਣਾਇਆ ਕਾਹਦੇ ਲਈ



# ਖਾਲਸਾ

ਪ੍ਰਭੂ ਜੋਤ ਰੱਖੇ ਹਰ ਜੀਵ ਅੰਦਰ,

ਫੇਰ ਜਨਮ ਧਰ ਸੰਸਾਰ ਤੇ ਆਈਦਾ ਏ

ਪੂਰਾ ਗੁਰੂ ਹੀ ਜੋਤ ਜਗਾਉਣ ਸਮਰਥ,

ਮਿਲ ਸਤਿਗੁਰ ਨੂੰ ਹੋਸ਼ ਪਾਈਦਾ ਏ

ਪੂਰਨ ਜੋਤ ਜਗੇ ਜਿਸ ਸਰੀਰ ਅੰਦਰ,

ਉਸਨੂੰ ਖਾਲਸਾ ਆਖ ਸੁਣਾਈਦਾ ਏ

ਮਿਲੇ ਸਤਿਗੁਰ ਤਾਂ ਹੋਏ ਦ੍ਰਿਬ ਦ੍ਰਿਸ਼ਟੀ,

ਤਾਹੀਓ ਖਾਲਸਾ ਪੂਰਾ ਕਹਾਈਦਾ ਏ

ਖਾਲਸਾ ਬਨਣਾ ਹੈ ਬੜਾ ਔਖਾ,

ਨਾਲ ਪ੍ਰੇਮ ਭਗਤੀ ਰੱਬ ਨੂੰ ਪਾਈਦਾ ਏ

# ਝੂਠੀਆਂ ਸੋਹਾਂ

ਦਿਲ ਝੂਠੇ ਬਿਖਰ ਗਏ,ਖਾ ਸੋਹਾਂ ਮੁਕਰ ਗਏ
ਨਾ ਰੱਬ ਦਾ ਡਰ ਮੰਨਿਆ,ਦੀਨਾਂ ਤੋਂ ਗੁਜਰ ਗਏ

ਧੋਖੇ ਦੀਆਂ ਚਾਲਾਂ ਸੀ,ਗੁਰ ਕਲਗੀਆਂ ਵਾਲਾ ਸੀ
ਡੇਰੇ ਆਨੰਦ ਪੁਰ ਲਾਏ ਸੀ,ਗੀਤ ਧਰਮ ਦੇ ਗਾਏ ਸੀ
ਸਿੰਘ ਆਪ ਸਜਾਏ ਸੀ,ਸੰਤ ਸਿਪਾਹੀ ਬਣਾਏ ਸੀ
ਗੁਰ ਮੰਤਰ ਪੜ੍ਹਾਏ ਸੀ,ਰਾਹ ਸਚ ਦੇ ਦਿਖਾਏ ਸੀ
ਗੱਲ ਸਦੀ ਸਤਾਰਾਂ ਦੀ,ਸੱਚੇ ਰੱਬ ਦਿਆਂ ਯਾਰਾਂ ਦੀ
ਐਵੇਂ ਫੋਕੇ ਫਿਕਰ ਪਏ
ਦਿਲ ਝੂਠੇ ਬਿਖਰ ਗਏ,ਖਾ ਸੋਹਾਂ ਮੁਕਰ ਗਏ
ਨਾ ਰੱਬ ਦਾ ਡਰ ਮੰਨਿਆ,ਦੀਨਾਂ ਤੋਂ ਗੁਜਰ ਗਏ

ਪੂਰੀ ਧਰਮ ਦੀ ਸਮਝ ਨਹੀਂ,ਕੋਈ ਗੁਝੀ ਰਮਜ਼ ਨਹੀਂ
ਇਹ ਫੁਰਮਾਨ ਬਾਦਸ਼ਾਹ ਦਾ,ਕੁਲ ਹਿੰਦ ਦੇ ਸ਼ਹਿਨਸ਼ਾਹ ਦਾ
ਕਿਲ੍ਹਾ ਖਾਲੀ ਕਰਾਉਣਾ ਹੈ,ਗੁਰੂ ਮਾਰ ਮੁਕਾਉਣਾ ਹੈ
ਜਾਂ ਜਿਊਦਾ ਫੜ੍ਹ ਕੇ ਲਿਆਂਉਣਾ ਹੈ,ਅਸੀ਼ ਆਨੰਦ ਪੁਰ ਢਾਹੁਣਾ ਹੈ
ਵਿਉਤਾਂ ਦੇ ਚੱਕਰ ਪਏ
ਦਿਲ ਝੂਠੇ ਬਿਖਰ ਗਏ,ਖਾ ਸੋਹਾਂ ਮੁਕਰ ਗਏ
ਨਾ ਰੱਬ ਦਾ ਡਰ ਮੰਨਿਆ,ਦੀਨਾਂ ਤੋਂ ਗੁਜਰ ਗਏ

ਪਹਾੜੀ ਰਾਜੇ ਵੀ ਨਾਲ ਲਏ,ਸਭ ਇਕੱਠੇ ਹੋ ਕੇ ਗਏ
ਘੇਰਾ ਆਨੰਦ ਪੁਰ ਪਾਇਆ ਸੀ,ਜਾਲ ਧੋਖੇ ਦਾ ਵਿਛਾਇਆ ਸੀ



ਛੇ ਮਹੀਨੇ ਬੀਤ ਗਏ,ਗੁਰ ਸਚ ਤੇ ਖੜ੍ਹੇ ਰਹੇ
ਭੁੱਖਾਂ ਪਿਆਸਾਂ ਦੇ ਮਾਰੇ,ਦੁੱਖ ਝੱਲਣੇ ਪਏ ਭਾਰੇ
ਕੁਝ ਸਿੰਘ ਤਾਂ ਡੋਲ ਗਏ,ਲਿਖ ਬੇਦਾਵਾ ਤਿੱਤਰ ਹੋਏ
ਦਿਲ ਝੂਠੇ ਬਿਖਰ ਗਏ,ਖਾ ਸੋਹਾਂ ਮੁਕਰ ਗਏ
ਨਾ ਰੱਬ ਦਾ ਡਰ ਮੰਨਿਆ,ਦੀਨਾਂ ਤੋਂ ਗੁਜਰ ਗਏ

ਜਦੋਂ ਪੇਸ਼ ਨਾ ਕੋਈ ਜਾਵੇ,ਮਨ ਧੋਖਾ ਕਰਨਾ ਚਾਹਵੇ
ਫਿਰ ਆਉਦੇ ਖਿਆਂਲ ਕਈ,ਆਨੰਦ ਪੁਰ ਜਿੱਤਣ ਲਈ
ਗੁਰੂ ਕੋਲ ਜਾ ਸੌਹਾਂ ਖਾਓ,ਗੁਰੂ ਨੂੰ ਕਿਸੇ ਤਰ੍ਹਾਂ ਮਨਾਓ
ਡੇਰਾ ਪਾ ਲਓ ਹੋਰ ਕਿਤੇ,ਇਹ ਆਨੰਦ ਪੁਰ ਛੱਡ ਜਾਓ
ਸਾਨੂੰ ਹੁਕਮ ਉਪਰੋਂ ਹੈ, ਬਹੁਤੀ ਦੇਰ ਨਾ ਹੁਣ ਲਾਓ
ਸੁਣੋ ਸਾਡੀ ਅਰਜ਼ੋਈ,ਸਾਡੇ ਮਨ ਤਾਂ ਨਿਖਰ ਗਏ
ਦਿਲ ਝੂਠੇ ਬਿਖਰ ਗਏ,ਖਾ ਸੋਹਾਂ ਮੁਕਰ ਗਏ
ਨਾ ਰੱਬ ਦਾ ਡਰ ਮੰਨਿਆ,ਦੀਨਾਂ ਤੋਂ ਗੁਜਰ ਗਏ

'ਬੀਸਲਾ' ਇਤੀਹਾਸ ਪੜ੍ਹੇ ,ਨਾਲੇ ਗੁਰੂ ਨੂੰ ਯਾਦ ਕਰੇ
ਗੁਰ ਨਿਕਲੇ ਤੜ੍ਹਕੇ ਜੀ,ਗੁਰਬਾਣੀ ਪੜ੍ਹਕੇ ਜੀ
ਤੱਕ ਆਸਰਾ ਵਾਹਿਗੁਰੂ ਦਾ,ਜੱਥਾ ਥੋੜ੍ਹੀ ਦੂਰ ਗਿਆ
ਫੌਜਾਂ ਨੇ ਘੇਰ ਲਿਆ,ਸਿੰਘਾਂ ਜੰਗ ਛੇੜ ਲਿਆਂ
ਪਰਿਵਾਰ ਵੀ ਵਿਛੜ ਗਿਆ, ਗੁਰ ਚੜ੍ਹਦੀ ਕਲਾ ਚ ਵਿਚਰ ਰਹੇ
ਦਿਲ ਝੂਠੇ ਬਿਖਰ ਗਏ,ਖਾ ਸੋਹਾਂ ਮੁਕਰ ਗਏ
ਨਾ ਰੱਬ ਦਾ ਡਰ ਮੰਨਿਆ,ਦੀਨਾਂ ਤੋਂ ਗੁਜਰ ਗਏ

# ਚੰਦ

ਚੰਦ ਤਾਂ ਚੰਦ ਹੈ ਚਮਕੇਗਾ,
ਝਿਲ ਮਿਲ ਝਿਲ ਮਿਲ ਦਮਕੇਗਾ

ਬੱਦਲੀਆਂ ਘੇਰਨ ਚਾਰ ਚੁਫੇਰੇ
ਭਰਮ ਭੁਲੇਖੇ ਪਾਉਣ ਬਥੇਰੇ

ਨਿਰਮਲ ਨਿਰਮਲ ਚੰਦ ਦੀਆਂ ਕਿਰਨਾ,
ਅਸਮਾਨਾਂ ਤੋਂ ਧਰਤੀ ਵੱਲ੍ਹ
ਆਪਣਾ ਨੂਰ ਬਿਖੇਰਨ ਤੁਰੀਆਂ,

ਚੰਦ ਦਾ ਚਾਨਣ ਢਕਣੇ ਖਾਤਰ
ਬਦਲੀਆਂ ਇਕੱਠੀਆਂ ਹੋ ਕੇ ਜੁੜੀਆਂ

ਚੰਦ ਦੀ ਸੁੰਦਰਤਾ ਹੋਰ ਵਧ ਗਈ
ਸ਼ਰਮਿੰਦੀਆਂ ਹੋ ਵਾਪਸ ਮੁੜੀਆਂ

ਕੂੜ ਕਪਟ ਦੀਆਂ ਬੱਦਲੀਆਂ ਵਿੱਚੋਂ
ਗਿਆਨ ਦਾ ਚਾਨਣ ਲਿਸ਼ਕੇਗਾ

ਚੰਦ ਤਾਂ ਚੰਦ ਹੈ ਚਮਕੇਗਾਂ,
ਝਿਲ ਮਿਲ ਝਿਲ ਮਿਲ ਦਮਕੇਗਾ



# ਖੋਜ

ਧਰਮ ਸੋਚ ਨੂੰ ਕਰੇ ਆਜ਼ਾਦ, ਆਜਾਦੀ ਦੀ ਆਏ ਆਵਾਜ਼

ਨਿਰਭਉ ਨਿਰਵੈਰ ਵਾਸਾ ਹੋਵੇ,ਈਰਖਾ ਦੇ ਨਾ ਵੱਜਣ ਸਾਜ਼

ਧਰਮ ਸੋਚ ਨੂੰ ਕਰੇ ਆਜਾਦ, ਆਜਾਦੀ ਦੀ ਆਏ ਆਵਾਜ਼

ਧਰਮ ਦਿੰਦਾ ਹੈ ਅੱਖੀਆਂ ਸਾਨੂੰ,ਅਕਲਾਂ ਦੇ ਅੰਨਿਓ ਹੋਸ਼ ਕਰੋ

ਧਰਮ ਨੂੰ ਸਹੀ ਪਛਾਨਣ ਦੀ, ਮਿਹਨਤ ਕਰ ਕੇ ਖੋਜ ਕਰੋ

ਇਹ ਸੰਸਾਰ ਹੈ ਘੁਪ ਹਨੇਰਾ,ਧਰਮ ਚਾਨਣ ਦਾ ਕਰੇ ਬਖੇਰਾ

ਅੱਖਾਂ ਵਾਲੇ ਅੰਨ੍ਹੇ ਫਿਰਦੇ,ਪਾਪਾਂ ਦਾ ਕਰੀ ਜਾਣ ਪਸੇਰਾ

ਧਰਮ ਤਾਂ ਬਣ ਗਏ ਰੋਜ਼ੀ ਰੋਟੀ,ਅਕਲ ਨਾ ਦਿਸਦੀ ਮਾੜੀ ਮੋਟੀ

ਸਿੱਖਿਆਂ ਸਭ ਧਰਮਾਂ ਦੀ ਚੰਗੀ,ਵਿਰਲੇ ਪਾਵਣ ਬਣ ਸਤਿਸੰਗੀ

ਭੇਖੀ ਬਣ ਗਏ ਬਹੁਤੇ ਸਾਰੇ,ਵਿਰਲੇ ਜੀਵਣ ਨਾਮ ਸਹਾਰੇ

ਰਾਜਨੀਤੀ ਧਰਮਾਂ ਤੇ ਭਾਰੂ,ਦੁੱਖਾਂ ਦੇ ਨਾ ਲੱਭਣ ਦਾਰੂ

ਭੇਖੀ ਕਰਦੇ ਫਿਰਨ ਕ਼ਲੋਲ, ਸਚ ਕਦੇ ਨਾ ਸਕਣ ਬੋਲ

'ਬੀਸਲਾ' ਤਾਂ ਹਿੰਮਤ ਕਰਕੇ,ਧਰਮ ਦੀ ਗੱਠੜੀ ਬੈਠਾ ਫੋਲ

ਕਲਮ ਦਾ ਹਥਿਆਰ ਬਣਾਕੇ,ਦੁਖੜੇ ਆਪਣੇ ਲਿਖਦਾ ਖੋਲ

ਜੇਕਰ ਹੋ ਜਾਏ ਗੁਰ ਦੀ ਕਿਰਪਾ,ਸਿੱਖ ਕਦੇ ਨਾ ਸਕਦਾ ਡੋਲ

ਸਿਖਿਆ ਧਰਮ ਦੀ ਲੈਣੀ ਚੰਗੀ,ਖੋਜ ਖਜਾਨਾ ਹੈ ਅਨਮੋਲ



# ਬੰਦਗੀ

ਭਜਨ ਬੰਦਗੀ ਕਰਨ ਸਮੇਂ ਦਿਲ ਖਿੜਿਆ ਹੋਣਾ ਚਾਹੀਦਾ

ਸਾਰੀ ਦੁਨੀਆਂ ਭੁੱਲ ਜਾਈਏ ਜਦ ਰੱਬ ਦਾ ਨਾਮ ਧਿਆਈਦਾ

ਮਿਹਰ ਕਰੇ ਜਦ ਸਤਿਗੁਰ ਪੂਰਾ,ਤਾਂ ਆਪਣੇ ਲੜ੍ਹ ਲਾਵੇ

ਚੰਗੇ ਕਰਮ ਕਮਾਵਣ ਵੇਲੇ ਦੇਰ ਕਦੇ ਨਾ ਲਾਵੇ

ਅੱਠੇ ਪਹਿਰ ਧਿਆਈਏ ਸਤਿਗੁਰ, ਪਲ ਨਾ ਮਨੋ ਭੁਲਾਈਏ

ਸਾਧੂ ਸੰਤ ਮਿਲੇ ਜੇ ਕੋਈ,ਰੱਜ ਕੇ ਸੇਵ ਕਮਾਈਏ

ਸੰਤ ਕਾ ਮਾਰਗ ਧਰਮ ਕੀ ਪਾਉੜੀ ,ਕੋ ਵਡਭਾਗੀ ਪਾਈਏ

ਸੰਤ ਤਾਂ ਆਉਂਦੇ ਨਾਮ ਜਪਾਵਣ, ਜਾਪ ਜਪੋ ਚਿੱਤ ਲਾਈਏ

ਨਾਮ ਵਾਲਾ ਧਨ ਇਕੱਠਾ ਕਰਕੇ ,ਝੋਲੀਆਂ ਭਰ ਲੈ ਜਾਈਏ

ਕਥਾ ਕੀਰਤਨ ਉਪਦੇਸ਼ ਗੁਰੂ ਦਾ,ਸੁਣ ਕੇ ਭਰਮ ਚੁਕਾਈਏ
ਪ੍ਰੇਮ ਭਗਤੀ ਦੀਆਂ ਨਿਆਰੀਆਂ ਪੈੜਾਂ,
ਇਸ ਮਾਰਗ ਚੱਲਣਾ ਚਾਹੀਏ
ਨਾਮ ਮਹਾਂਰਸ ਮੀਠਾ ਲਾਗੇ,ਗੁਰ ਸ਼ਰਣੀ ਚੱਖਣਾ ਚਾਹੀਏ
ਗੁਰ ਸ਼ਰਣੀ ਪੈ ਬੇਪਰਵਾਹ ਹੋ,ਭੇਦ ਦੇਹੀ ਦਾ ਪਾਈਏ
'ਬੀਸਲਿਆ' ਬੰਦਗੀ ਕਰ ਰੱਬ ਦੀ,ਜੀਵਨ ਸਫਲ ਬਣਾਈਏ

# ਮਿਹਰ

ਦੁਨੀਆਂ ਦੇ ਭਾਣੇ ਖੇਲ ਤਮਾਸ਼ੇ,ਇਹ ਤਾਂ ਮਿਹਰ ਸਤਿਗੁਰਾਂ ਦੀ
ਜਿਸ ਭਾਵੇ ਤਿਸ ਦੇਵੇ,ਇਹ ਵਡਿਆਈ  ਸਤਿਗੁਰਾਂ ਦੀ

ਲੋਗਨ ਰਾਮ ਖਿਲੌਣਾ ਜਾਣਾ,ਵਿਚ ਬਾਣੀ ਦੇ ਦਸ ਗਏ ਨੇ
ਗਿਆਨ ਤੋਂ ਅੰਨੇ ਲੋਕੀਂ ,ਵਿਚ ਭਰਮਾਂ ਦੇ ਫਸ ਗਏ ਨੇ
ਧੋਖੇ ਚਾਲਾਂ ਝੂਠ ਅਡੰਬਰ,ਲਾ ਲਾ ਜ਼ੋਰ ਵੀ ਥੱਕ ਗਏ ਨੇ

ਉਸਦੀ ਮਿਹਰ ਬਿਨਾ ਨਾ ਗਿਆਨੀ,ਪਾਠੀ ਪੜ੍ਹ ਪੜ੍ਹ ਥੱਕ ਗਏ ਨੇ
ਆਪਣੀਆਂ ਅਕਲਾਂ ਵੱਡੀਆਂ ਸਮਝਣ,ਵਿਚ ਹੰਕਾਰ ਦੇ ਖਪ ਗਏ ਨੇ
ਉਹ ਤਾਂ ਅਪਾਰ ਅਗੰਮ ਅਗੋਚਰ,ਵਿਚ ਬਾਣੀ ਦੇ ਦਸ ਗਏ ਨੇ

ਗੱਲਾਂ ਨਾਲ ਨਾ ਮਿਹਰਾਂ ਹੁੰਦੀਆਂ,ਸੇਵਾ ਸਿਮਰਨ ਕਰਨਾ ਪੈਂਦਾ
ਸੇਵਾ ਕਰਨ ਲੋਕ ਵਡਭਾਗੇ,ਪੂਰਵ ਕਰਮ ਜੋ ਲਿਖਿਆ ਹੁੰਦਾ
ਸੇਵਾ ਸਫਲ ਉਨ੍ਹਾ ਦੀ ਹੋਵੇ,ਜੋ ਤਨੋ ਮਨੋ ਚਰਨੀ ਢਹਿੰਦਾ
ਸੰਤਾਂ ਭਗਤਾਂ ਦੀ ਉਤਮ ਸੇਵਾ,ਸਿੰਘ 'ਬੀਸਲਾ' ਕਹਿੰਦਾ



# ਸਿੱਖੀ ਦਾ ਬੂਟਾ

ਸਿੱਖੀ ਬੂਟਾ ਬਾਬੇ ਨਾਨਕ ਦਾ,ਇਹ ਰਹਿਣਾ ਹਰਿਆ ਭਰਿਆ
ਪੂਰਬ ਪੱਛਮ ਉਤਰ ਦੱਖਣ,ਪੈਦਲ ਬਾਬਾ ਫਿਰਿਆ
ਸੱਚ ਨਾਮ ਦਾ ਛੱਟਾ ਦਿਤਾ,ਜੋ ਮਿਲਿਆ ਸੋ ਤਰਿਆ
ਕੌਡਾ ਭੁਮੀਆ ਠਗ ਸੱਜਣ ,ਭਲਾ ਸਭ ਦਾ ਕਰਿਆ
ਸਿੱਖੀ ਬੂਟਾ ਬਾਬੇ ਨਾਨਕ ਦਾ,ਇਹ ਰਹਿਣਾ ਹਰਿਆ ਭਰਿਆ

ਸਚ ਧਰਮ ਦੇ ਮਾਰਗ ਕੋਲੋਂ ,ਉਖੱੜੇ ਫਿਰਦੇ ਲੋਕੀਂ
ਝੂਠੇ ਨਸ਼ੇ ਹਕੂਮਤ ਵਾਲੇ, ਸ਼ੋਹਰਤ ਰਖਦੇ ਫੋਕੀ
ਬੇ-ਇਨਸਾਫੀ ਕਰ ਕਰ  ਮੂਰਖਾਂ , ਬੇੜੀ ਧਰਮ ਦੀ ਡੋਬੀ
ਕਲਯੁਗ ਦੇ ਵਿਚ ਚਾਰ ਚੁਫੇਰੇ, ਧਰਮ ਖੰਭ ਲਾ ਉਡਰਿਆ
ਸਿੱਖੀ ਬੂਟਾ ਬਾਬੇ ਨਾਨਕ ਦਾ,ਇਹ ਰਹਿਣਾ ਹਰਿਆ ਭਰਿਆ

ਦੁੱਖ ਕਸ਼ਟ ਨਾ ਝੱਲੇ ਜਾਵਣ,ਰੱਬ ਨੂੰ ਪਏ ਪੁਕਾਰਨ
ਪਾਖੰਡ ਕਰਦੇ ਧਰਮੀ ਬੰਦੇ,ਹੋਸ਼ ਨਾ ਜਰਾ ਸੰਭਾਲਣ
ਪੂਜਾ ਪਾਠ ਵਿਖਾਵੇ ਬਣਿਆ,ਮਨ ਨਾ ਸੱਚੀ ਲਾਵਣ
ਸਚ ਧਰਮ ਦਾ ਸੌਦਾ ਦੱਸਣ,ਗੁਰ ਨਾਨਕ ਸਚ ਖੰਡ ਤੋਂ ਤੁਰਿਆ
ਸਿੱਖੀ ਬੂਟਾ ਬਾਬੇ ਨਾਨਕ ਦਾ,ਇਹ ਰਹਿਣਾ ਹਰਿਆ ਭਰਿਆ

ਧਰਮ ਤਾਂ ਵੰਡਣ ਚਾਨਣ ਜਗ ਤੇ, ਵਿਰਲੇ ਵਿਰਲੇ ਨੂੰ ਸੋਝੀ
ਰਬ ਨੂੰ ਪਾਉਂਦੇ ਸਬ ਧਰਮ ਨੇ,ਸ਼ੱਕ ਨਹੀਂ ਕੋਈ ਦੂਜੀ
ਸੰਤ ਕਾ ਮਾਰਗ ਧਰਮ ਕੀ ਪਾਉੜੀ,ਸੰਤ ਹੁੰਦੇ ਨੇ ਖੋਜੀ
'ਬੀਸਲੇ' ਤੂੰ ਨਾਮ ਜਪ ਕਿਰਤ ਕਰ ਤੇ ਦਾਨ ਦੇ,
ਜੋ ਤੈਥੋਂ ਹੈ ਸਰਿਆ
ਸਿੱਖੀ ਬੂਟਾ ਬਾਬੇ ਨਾਨਕ ਦਾ,ਇਹ ਰਹਿਣਾ ਹਰਿਆ ਭਰਿਆ

# ਸਚ ਤੇ ਗਿਲਾ

ਗਿਲਾ ਸਚ ਉੱਤੇ ਕਰਦੇ ਨੇ,ਸਚ ਸੁਨਣੇ ਦੀ ਹਿੰਮਤ ਨਹੀਂ
ਜਿਹਦੀ ਲਾਠੀ ਓਹਦੀ ਮੱਝ ਹੋਵੇ,ਸਦਾ ਸਚਿਆਂ ਨੂੰ ਮਾਰ ਪਈ

ਹੋਕਾ ਸਚ ਵਾਲਾ ਦਿੰਦੇ ਫਿਰਦੇ,
ਪਰ ਸਚ ਦੀ ਪਛਾਣ ਨਾ ਰਹੀ'
ਮਤ ਕਲਯੁਗ ਨੇ ਮਾਰੀ ,
ਭਲੇ ਬੁਰੇ ਦੀ ਨਾ ਪਰਖ ਰਹੀ
ਮਨ ਮੈਲਾ ਕਰ ਬੈਠੇ,
ਭੁੱਲੇ ਰਬ ਦੀ ਹੋਂਦ ਨੂੰ ਵੀ
ਜੋਰ ਨਾਲ ਤਾਂ ਇਹ ਜਿਉਣਾ ਜਾਣਦੇ,
ਮਾਰ ਦਿੰਦੇ ਨੇ ਜੋਰ ਨਾਲ ਵੀ
ਗਿਲਾ ਸਚ ਉੱਤੇ ਕਰਦੇ ਨੇ,ਸਚ ਸੁਨਣੇ ਦੀ ਹਿੰਮਤ ਨਹੀਂ
ਜਿਹਦੀ ਲਾਠੀ ਓਹਦੀ ਮੱਝ ਹੋਵੇ,ਸਦਾ ਸਚਿਆਂ ਨੂੰ ਮਾਰ ਪਈ

ਸਾਰੇ ਧਰਮ ਨੇ ਲੋਆਂ ਜੱਗ ਤੇ,ਹਰ ਧਰਮ ਕਹੇ ਸਚ ਦੀ
ਰੌਲਾ ਪਾਉਣ ਨੂੰ ਬਥੇਰੇ ਫਿਰਦੇ,ਗਲ ਕਹਿਣ ਦੀ ਨਾ ਹਦ ਹੈ ਕੋਈ
ਸਚ ਸੁਨਣੇ ਦੀ ਹਿੰਮਤ ਰੱਖੋ,ਆਖੋ ਸਚ ਨੂੰ ਵਿਚਾਰ ਕੇ ਸਹੀ
ਸਚ ਜਿਉਂਦਾ ਰਹਿੰਦਾ ਸਦਾ ਜਗ ਤੇ,
ਹਾਰ ਝੁਠਿਆਂ ਨੂੰ ਰਹਿੰਦੀ ਹੈ ਪਈ
ਗਿਲਾ ਸਚ ਉੱਤੇ ਕਰਦੇ ਨੇ,ਸਚ ਸੁਨਣੇ ਦੀ ਹਿੰਮਤ ਨਹੀਂ
ਜਿਹਦੀ ਲਾਠੀ ਓਹਦੀ ''ਮੱਝ ਹੋਵੇ,ਸਦਾ ਸਚਿਆਂ ਨੂੰ ਮਾਰ ਪਈ



ਸਚ ਬੋਲਣ ਵਾਲੇ ਜਗ ਤੇ,ਆਉਂਦੇ ਘਟ ਹਨ ਕਦੀ ਕਦੀ
ਦੁਨੀਆ ਵੀ ਤਿਆਰ ਬੈਠੀ, ਫਾਸੀ ਸਚ ਨੂੰ ਚਾੜ੍ਹਨ ਲਈ
ਦੁਨੀਆਂ ਦੀਆਂ ਭੀੜਾਂ ਨੇ, ਸਦਾ ਦਿੱਤੀਆਂ ਪੀੜਾਂ ਨੇ
ਪੀੜਾਂ ਜਰਨ ਦਾ ਜਿਗਰਾ ਤਾਂ,ਰਾਖਾ ਸਚ ਦਾ ਬਖਸ਼ੇ ਕਦੀ
ਗਿਲਾ ਸਚ ਉੱਤੇ ਕਰਦੇ ਨੇ,ਸਚ ਸੁਨਣੇ ਦੀ ਹਿੰਮਤ ਨਹੀਂ
ਜਿਹਦੀ ਲਾਠੀ ਓਹਦੀ ਮੱਝ ਹੋਵੇ,ਸਦਾ ਸਚਿਆਂ ਨੂੰ ਮਾਰ ਪਈ

'ਬੀਸਲਾ' ਇਤੀਹਾਸ ਪੜੇ,
ਗੱਲਾਂ ਸੱਚੀਆਂ ਵਿਚਾਰ ਕਰੇ
ਸਾਖੀ ਸਚੀ ਦਿਲ ਸੱਟ ਮਾਰੇ,
ਦਿਲ ਕਵਿਤਾ ਲਿਖਣ ਨੂੰ ਕਰੇ
ਜਿਵੇਂ ਜਿਵੇਂ ਕਵਿਤਾ ਲਿਖੇ,
ਮਨ ਗੁਰੂ ਨਾਲ ਪ੍ਰੇਮ ਭਰੇ
ਸਤਿਗੁਰਾਂ ਦੀ ਮਿਹਰ ਬਿਨਾਂ,
ਕਾਂਗੋ ਹੰਸ ਨਾ ਬਣਦੇ ਕਦੀ
ਗਿਲਾ ਸਚ ਉੱਤੇ ਕਰਦੇ ਨੇ,ਸਚ ਸੁਨਣੇ ਦੀ ਹਿੰਮਤ ਨਹੀਂ
ਜਿਹਦੀ ਲਾਠੀ ਓਹਦੀ ਮੱਝ ਹੋਵੇ,ਸਦਾ ਸਚਿਆਂ ਨੂੰ ਮਾਰ ਪਈ

# ਨਾਮ ਸਿਮਰਨ ਤੇ ਸਮਾਧੀ

ਸਤਿਗੁਰ ਬਾਬਾ ਨਾਨਕ ,ਬਖਸ਼ੇ ਸਿੱਖਾਂ ਨੂੰ ਸਮਾਧੀਆਂ ਆਕੇ
ਪਿਆਰ ਦੀਆਂ ਖਿੱਚਾਂ ਪਾ ਲਈਆਂ,ਬਾਬਾ ਮਿਲਿਆ ਉਨ੍ਹਾ ਨੂੰ ਜਾ ਕੇ
ਚਿਰਾਂ ਤੋ ਜੋ ਨਾਮ ਰਬ ਦਾ,ਜਪ ਰਹੇ ਸੀ ਜੋ ਮਨ ਚਿਤ ਲਾਕੇ
ਬਾਬਾ ਦੱਸੇ ਨਾਮ ਜਪਣਾ,ਨਾਮ ਜਪਣਾ ਸਿਖੋ ਮਨ ਲਾਕੇ

ਜਿੱਥੇ ਜਿੱਥੇ ਸਿਖ ਵਸਦੇ,ਕਰਨ ਯਾਦ ਪ੍ਰਭੂ ਨੂ ਅੱਠੇ ਪਹਿਰਾਂ
ਰਬ ਵਾਲੀ ਸਚੀ ਸਿਖਿਆ,ਦੇਣ ਤੁਰ ਪਿਆ ਪਿੰਡਾਂ ਅਤੇ ਸ਼ਹਿਰਾਂ
ਪਿਆਰ ਦਿਆਂ ਭਿੱਜਿਆਂ ਨੂੰ, ਬਾਬਾ ਤਾਰੇ ਨਜ਼ਰ ਨਾਲ ਮਿਹਰਾਂ
ਮੁਕਤੀ ਦੇ ਰਾਹ ਦਸਦਾ,ਵਿਚ ਪ੍ਰੇਮ ਭਗਤੀ ਸਿੱਖਾਂ ਨੂੰ ਪਾਕੇ
ਸਤਿਗੁਰ ਬਾਬਾ ਨਾਨਕ ,ਬਖਸ਼ੇ ਸਿੱਖਾਂ ਨੂੰ ਸਮਾਧੀਆਂ ਆਕੇ
ਪਿਆਰ ਦੀਆਂ ਖਿੱਚਾਂ ਪਾ ਲਈਆਂ-------------

ਗੱਲਾਂ ਨਾਲ ਗਿਆਨ ਨਾ ਹੋਵੇ ,ਬਾਬਾ ਵਾਰ-ਵਾਰ ਦੱਸੇ ਵਿਚ ਬਾਣੀ
ਮੂਰਖ ਜਹਾਨ ਜਗ ਤੇ ਆਪਣੀ ਦੀਮਾਗ ਬੁਧੀ ਨੂੰ,
ਸਮਝੀ ਜਾਣ ਸਿਆਣੀ
ਦੀਮਾਗ ਅਤੇ ਸੋਚ ਤੋਂ ਪਰੇ,ਭੇਦ ਸੌਖੇ ਨਾ ਧਰਮ ਵਾਲੇ ਜਾਣੀ
ਭਵਜਲੋ ਪਾਰ ਕਰਦੇ,ਗੁਰੂ ਨਾਮ ਦੇ ਜਹਾਜ਼ ਚੜ੍ਹਾਕੇ
ਸਤਿਗੁਰ ਬਾਬਾ ਨਾਨਕ ,ਬਖਸ਼ੇ ਸਿੱਖਾਂ ਨੂੰ ਸਮਾਧੀਆਂ ਆਕੇ
ਪਿਆਰ ਦੀਆਂ ਖਿੱਚਾਂ ਪਾ ਲਈਆਂ,ਬਾਬਾ ਮਿਲਿਆ ਉਨ੍ਹਾ ਨੂੰ ਜਾ ਕੇ

ਮਰਦਾਨਾ ਬਾਬੇ ਨਾਲ ਤੁਰਿਆ,ਬਾਬੇ ਤੋਰਿਆ ਸਿਖੀ ਸਮਝਾਕੇ
ਮਰਜਾਣੇ ਤੋਂ ਬਣਾਇਆਂ ਮਰਦਾਨਾ,ਦਾਤ ਸੰਗੀਤ ਦਿਤੀ ਉਸ ਦਾਤੇ
ਭੁਖਾਂ ਪਿਆਸਾਂ ਨਾਲ ਤੜਫੇ,ਕਈ ਦਿਨ ਲੰਘੇ ਭੁਖੇ ਅਤੇ ਪਿਆਸੇ



ਮਰਦਾਨਾ ਕਹੇ ਧੰਨ ਤੂੰ ਬਾਬਾ,ਜਿਹਨੂੰ ਭੁੱਖ ਵਾਲਾ ਦੁੱਖ ਨਾ ਸੰਤਾਪੇ
ਸਤਿਗੁਰ ਬਾਬਾ ਨਾਨਕ ,ਬਖਸ਼ੇ ਸਿੱਖਾਂ ਨੂੰ ਸਮਾਧੀਆਂ ਆਕੇ
ਪਿਆਰ ਦੀਆਂ ਖਿੱਚਾਂ ਪਾ ਲਈਆਂ,ਬਾਬਾ ਮਿਲਿਆ ਉਨ੍ਹਾ ਨੂੰ ਜਾ ਕੇ

ਮੈ ਤਾਂ ਭੁਖ ਜਰਾਂ ਨਾ ਸਹਾਂ,ਬਾਬਾ ਪਲ ਪਲ ਮਰਦਾ ਜਾਵਾਂ
ਮੇਰੇ ਤੇ ਵੀ ਕਰ ਕਿਰਪਾ,ਜੋ ਦੁਖ ਭੁਖ ਵਾਲਾ ਜਰਦਾ ਜਾਵਾਂ

ਬਾਬਾ ਕਹੇ ਲੱਖਾਂ ਦੁਖੀਏ,ਮੈਨੂੰ ਯਾਦ ਦਿਨੇ ਰਾਤੀਂ ਕਰਦੇ
ਭੋਜਨ ਛਕਣ ਤੋਂ ਪਹਿਲਾਂ,ਬੁਰਕੀ ਨਾਮ ਮੇਰੇ ਵਾਲੀ ਭਰਦੇ

ਉਨ੍ਹਾਂ ਦੇ ਨਾਮ ਵਾਲੀ ਬੁਰਕੀ ਦਾ,ਆਧਾਰ ਮੈਨੂੰ ਆ ਜਾਵੇ
ਸਤਿਗੁਰ ਬਾਬਾ ਨਾਨਕ ,ਬਖਸ਼ੇ ਸਿੱਖਾਂ ਨੂੰ ਸਮਾਧੀਆਂ ਆਕੇ
ਪਿਆਰ ਦੀਆਂ ਖਿੱਚਾਂ ਪਾ ਲਈਆਂ,ਬਾਬਾ ਮਿਲਿਆ ਉਨ੍ਹਾ ਨੂੰ ਜਾ ਕੇ

'ਬੀਸਲਾ' ਵੀ ਸਾਖੀ ਪੜ੍ਹਕੇ ,ਸਿੱਖੇ ਨਾਮ ਜਪਣ ਦਿਆਂ ਭੇਦਾਂ ਨੂੰ
ਜਿਨਾ ਚਿਰ ਸਵਾਸ ਸਰੀਰ ਵਿਚ,ਸਫਲ ਕਰੇ ਜਪ ਏਨ੍ਹਾ ਨੂੰ

ਲਗਾਤਾਰ ਅਭਿਆਸ ਨਾਮ ਦਾ,ਸਿਮਰਨ ਜਦ ਬਣ ਜਾਵੇਗਾ
ਮਿਹਰ ਨਾਲ ਸਤਿਗੁਰ ਦੀ,ਗੁਰਸਿਖ ਸਮਾਧੀ ਲਾਵੇਗਾ

ਨਾਮ ਵਾਲੇ ਅਨਮੋਲ ਖਜ਼ਾਨੇ,ਰਿਹਾ ਵੰਡਦਾ ਦਿਸ਼ਾਵਾਂ ਚੌਹੀ ਜਾਕੇ
ਸਤਿਗੁਰ ਬਾਬਾ ਨਾਨਕ ,ਬਖਸ਼ੇ ਸਿੱਖਾਂ ਨੂੰ ਸਮਾਧੀਆਂ ਆਕੇ
ਪਿਆਰ ਦੀਆਂ ਖਿੱਚਾਂ ਪਾ ਲਈਆਂ,ਬਾਬਾ ਮਿਲਿਆ ਉਨ੍ਹਾ ਨੂੰ ਜਾ ਕੇ

# ਮੰਤਰ

ਪਰਮੇਸ਼ਰ ਭੇਜਿਆ ਜਗਤ ਵਿਚ,
ਤੈਨੂੰ ਰਬ ਦਾ ਨਾਮ ਧਿਆਵਣ ਲਈ
ਪਰਮੇਸ਼ਰ ਚਾਹਿਆ ਜਨਮ ਹੋਇਆ
ਅੱਖ ਖੁੱਲ੍ਹੀ ਦਰਸ਼ਣ ਪਾਵਣ ਲਈ

ਬੇਅੰਤ ਨੇ ਰੰਗ ਤਮਾਸ਼ੇ ,ਅੱਖਾਂ ਅੱਗੇ ਦੁਨੀਆਂ ਦੇ
ਰਜ ਰਜ ਕੇ ਮਾਣ ਪਿਆਰੇ,ਬਚਨ ਤੂੰ ਰਿਸ਼ੀਆਂ ਮੁਨੀਆਂ ਦੇ
ਬਾਬੇ ਨਾਨਕ ਗੱਲਾਂ ਦੱਸੀਆਂ ,ਨਾਮ ਦਾਨ ਇਸ਼ਨਾਨ ਦੀਆਂ
ਦੁਨੀਆਂ ਦੇ ਵਿਚ ਰਹਿਣਾ ਸਹਿਣਾ, ਸਚ ਨਾਮ ਨੂੰ ਪਾਣ ਦੀਆਂ

ਨਾਮ ਜਪਣ ਨਾਲ ਮਨ ਲਾਕੇ,ਰਿਸ਼ਤਾ ਪਰਮੇਸ਼ਰ ਨਾਲ ਜੁੜਦਾ ਹੈ
ਦਾਨ ਕਰਨ ਨਾਲ ਦਸਵਾਂ ਹਿਸਾ,ਦੁਨੀਆਂ ਦਾ ਕੰਮ ਤੁਰਦਾ ਹੈ
ਇਸ਼ਨਾਨ ਸਫਾਈਆਂ ਸਰੀਰ ਦੀਆਂ,ਸਿਹਤ ਲਈ ਜਨ ਜਰੂਰੀ
ਗ੍ਰਿਹਸਤ ਉਦਾਸੀ ਧਰਮ ਚਲਾਇਆ,ਸਿਖਣਾ ਬੜਾ ਜਰੂਰੀ

ਕਿਹੜੇ ਅੱਖਰ ਕਿਹੜੇ ਗੁਣ ,ਤੇ ਕਿਹੜੇ ਜਪੀਏ ਮੰਤਰ
ਜਗ ਤੇ ਆਉਣਾ ਸਫਲਾ ਹੋ ਜਾਏ,ਲਿਵ ਲਗ ਜਾਏ ਨਿਰੰਤਰ
ਹਉਂਮੇ ਛਡਣਾ ਨੀਵੇਂ ਚੱਲਣਾ, ਇਹ ਮੰਤਰ ਦੇ ਅੱਖਰ
ਦੁਖ ਸੁਖ ਤੇ ਬੋਲ ਕੁਬੋਲ,ਸਮਝੋ ਸਦਾ ਬਰਾਬਰ



ਜੀਭ ਨਾਲ ਜਪੋ ਨਾਮ ਰਬ ਦਾ, ਇਹ ਮੰਤਰ ਦੀ ਮਾਲਾ
ਗੁਰਬਾਣੀ ਸਮਝੋ ਭੇਦ ਨੂੰ ਖੋਲੋ,ਜਿਉਣਾ ਬਣੇ ਸੁਖਾਲਾ
ਜਨਮ ਲੈਣ ਦਾ ਮਨੋਰਥ ਇਕੋ,ਪਰਮੇਸ਼ਰ ਨੂੰ ਪਾਉਣਾ
'ਬੀਸਲਾ' ਬਣ ਜਾਏ ਸਿਖ ਗੁਰੂ ਦਾ,ਗੁਰਬਾਣੀ ਨੂੰ ਗਾਉਣਾ

ਪਰਮੇਸ਼ਰ ਦੇ ਹੁਕਮ ਵਿਚ ,ਇਹ ਬ੍ਰਹਿਮੰਡ ਸਾਰਾ ਚੱਲੇ
ਉਸਦਾ ਹੁਕਮ ਪਛਾਨਣ ਦੀ ਨਾ ਕੋਸ਼ਿਸ਼ ਕਰਦੇ ਝੱਲੇ
ਹਉਮੇ ਦੇ ਵਿਚ ਹਸੇ ਦੁਨੀਆਂ,ਹਉਮੇ ਦੇ ਵਿਚ ਰੋਵੇ
ਜੇਕਰ ਹੁਕਮ ਪਛਾਣੀਏ ਉਸਦਾ,ਹਉਮੇ ਕਦੇ ਨਾ ਹੋਵੇ

ਉਸਦਾ ਹੁਕਮ ਪਛਾਨਣ ਵਾਲੇ ,ਮੁਕਤੀ ਦੇ ਰਾਹ ਪੈਂਦੇ
ਸਦਾ ਆਨੰਦ ਰਹਿਣ ਦਿਨੇ ਰਾਤੀ,ਸਤਿਨਾਮ ਜਪ ਲੈਂਦੇ

# ਸਾਫ ਦਿਲ

ਬਾਬਾ ਨਾਨਕ ਕਾਬੇ ਚੱਲਿਆ,ਸਿਖਿਆ ਦੇਣ ਲਈ
ਕਾਜੀ ਮੁੱਲਾਂ  ਸਈਯਦ ਮਿਲ ਗਏ, ਰਸਤੇ ਦੇ ਵਿਚ ਕਈ
ਤੂੰ ਕਾਬੇ ਨਹੀਂ ਜਾ ਸਕਦਾ,ਤੂੰ ਹਿੰਦੂ ਲਗਦਾ ਬਈ
ਜੇ ਜਾਣਾ ਸਾਥੋਂ ਵੱਖ ਹੋ ਜਾ,ਸਾਡੇ ਨਾਲ ਨਾ ਰਹੀ

ਬਾਬਾ ਨਾਨਕ ਤੁਰਿਆ ਜਾਵੇ,ਧੁਪ ਸੀ ਚੜ੍ਹੀ ਅਸਮਾਨੀ
ਮਾਰੂਥਲ ਵਿਚ ਤਪਦੇ ਰੇਤੇ,ਲੱਭੇ ਛਾਂ ਨਾ ਪਾਣੀ
ਏਨੇ ਚਿਰ ਨੂੰ ਆ ਇਕ ਬਦਲੀ,ਅੰਬਰ ਤੇ ਜਾ ਛਾਈ
ਬਾਬਾ ਨਾਨਕ ਤੇ ਮਰਦਾਨਾ,ਠੰਡ ਸਭਨਾ ਦੇ ਪਾਈ

ਕਾਜੀ ਮੁੱਲਾਂ ਆਖਣ ਲੱਗੇ ,ਅੱਲ੍ਹਾ ਦੀ ਹੈ ਕਿਰਪਾ
ਪੰਜੇ ਵਕਤ ਨਮਾਜਾਂ ਪੜ੍ਹੀਏ,ਤਪਦਾ ਠਾਰੇ ਹਿਰਦਾ
ਮੁਸਲਮਾਨ ਤੂੰ ਹੈ ਨਹੀਂ ਪੂਰਾ,ਤੂੰ ਨਾ ਪਾਤਰ ਇਸਦਾ
ਅੱਗੇ ਜਾਂ ਪਿਛੇ ਹੋ ਜਾ ਸਾਥੋਂ,ਕਾਫਰ ਹਿੰਦੂ ਦਿਸਦਾ

ਬਾਬਾ ਨਾਨਕ ਬੋਲ ਜੋ ਸੁਣਕੇ ,ਹੌਲੀ ਹੌਲੀ ਚੱਲਿਆ
ਬਾਬਾ ਜਿਵੇਂ ਜਿਵੇਂ ਦੂਰ ਹੋ ਗਿਆ,ਬੱਦਲ ਵੀ ਜਾਏ ਉਡਿਆ
ਕੌਤਕ ਵੇਖ ਹੈਰਾਨ ਹੋ ਗਏ,ਕਾਜੀ ਮੁੱਲਾਂ ਸਾਰੇ
ਸਾਫ ਦਿਲਾਂ ਨਾਲ ਨਾਮ ਜੋ ਜਪਦੇ, ਸਤਿਗੁਰ ਆਕੇ ਤਾਰੇ

ਹੌਲੀ ਹੌਲੀ ਕਾਬੇ ਪਹੁੰਚੇ,ਬਾਬਾ ਵੀ ਤੁਰ ਆਇਆ
ਨਿਮਾਜ਼ ਤੋਂ ਬਾਅਦ ਸਾਰੇ ਲੇਟੇ,ਆਰਾਮ ਕਰਨਾ ਚਾਹਿਆ
ਰਾਤ ਵੇਲੇ ਸਨ ਕਰਨ ਸਫਾਈਆਂ,ਕਾਜੀ ਮੁੱਲਾਂ ਕਾਬੇ



ਬਾਬਾ ਵੀ ਸੌਂ ਰਿਹਾ ਮੌਜ ਵਿਚ,ਨਾ ਕੋਈ ਰੋਹਬ ਨਾ ਦਾਬੇ

ਏਨੇ ਚਿਰ ਨੂੰ ਕਾਜੀ ਵੇਖੇ ,ਹਿੰਦੂ ਕਾਫਰ ਕਿੰਝ ਲੇਟੇ
ਕਾਬੇ ਵੱਲ੍ਹ ਨੂੰ ਪੈਰ ਕਰੇ ਨੇ,ਨਾ ਕੋਈ ਸੁਰਤ ਸਮੇਟੇ
ਗੁੱਸਾ ਆਇਆ ਕਾਜ਼ੀ ਤਾਈਂ ,ਬਾਬੇ ਨਾਨਕ ਨੂੰ ਕਹਿੰਦਾ
ਉਏ ਮੂਰਖਾ ਕਾਬੇ ਵੱਲ੍ਹ ਨੂੰ ,ਪੈਰ ਤੂੰ ਕਿਉਂ ਕਰੇਂਦਾ

ਕਾਬੇ ਦੇ ਵਿਚ ਰਬ ਹੈ ਵਸਦਾ,ਤੂੰ ਪੈਰ ਪਰੇ ਨੂੰ ਕਰ ਉਏ
ਦਿਸਦਾ ਨਹੀਂ ਤੂੰ ਸਾਰੇ ਲੇਟੇ,ਰਬ ਦੇ ਕੋਲੋਂ ਡਰ ਉਏ

ਬਾਬਾ ਉਠਿਆ ਅੱਖੀਆਂ ਮਲਦਾ,ਕੀ ਤਕਲੀਫ ਹੈ ਭਾਈ
ਜਿਧਰ ਤੇਰਾ ਕਾਬਾ ਹੈ ਨਹੀਂ, ਪੈਰ ਦੇ ਉਧਰ ਘੁਮਾਈ
ਉਸ ਲਤੋਂ ਫੜ੍ਹ ਘੜੀਸਿਆ ਬਾਬੇ,ਦੂਸਰੀ ਦਿਸ਼ਾ ਤਾਈ
ਜਿਧਰ ਕਾਜੀ ਪੈਰ ਘੁਮਾਏ,ਕਾਬਾ ਉਧਰ ਘੁੰਮ ਜਾਈ

ਕੌਤਕ ਵੇਖ ਕੇ ਕਾਜ਼ੀ ਮੁੱਲਾਂ,ਸਿਰ ਪੈਰਾਂ ਤੇ ਪਾਏ
ਬਾਬਾ ਨਾਨਕ ਸਿੱਖਿਆ ਦੇਵੇ, ਰੱਬ ਹੈ ਸਭਨੀ ਥਾਏ
'ਬੀਸਲਾ' ਪੜ੍ਹ ਕਾਬੇ ਦੀ ਸਾਖੀ,ਗੁਰ ਨਾਨਕ ਬਾਰੇ ਲਿਖਦਾ
ਬਾਬਾ ਤੂੰ ਹੈਂ ਅਸਲੀ ਕਾਬਾ,ਕਾਬਾ ਜਿਸਨੂੰ ਸਾਰੇ ਦਿਸਦਾ

# ਦ੍ਰਿਭ ਦ੍ਰਿਸ਼ਟੀ

ਪਰਮੇਸ਼ਰ ਦੀ ਭਜਨ ਬੰਦਗੀ,ਪਰਮੇਸ਼ਰ ਨੂੰ ਪਾਉਣਾ
ਮਾਨੁੱਖਾ ਦੇਹੀ ਜਦ ਮਿਲ ਗਈ,ਪਰਮੇਸ਼ਰ ਨੂੰ ਧਿਆਉਣਾ
ਪਰਮੇਸ਼ਰ ਤੱਕ ਪਹੁੰਚਣ ਦਾ ,ਸਾਰੇ ਧਰਮ ਨੇ ਰਸਤਾ ਦਸਦੇ
ਆਪਣੇ ਦੇ ਵਿਚ ਕਮੀਆਂ ਲੱਖਾਂ,ਔਖਾ ਚੱਲਣਾ ਇਸ ਰਸੱਤੇ

ਪਰਮੇਸ਼ਰ ਤੱਕ ਪਹੁੰਚਿਆਂ ਦੀ, ਗੱਲ੍ਹ ਕਹੀ ਲਿਖੀ ਨਾ ਜਾਏ
ਪਰਮੇਸ਼ਰ ਦਾ ਰੂਪ ਜੋ ਬਣਦੇ,ਦ੍ਰਿਭ ਦ੍ਰਿਸ਼ਟੀ ਜੋ ਜਾਏ
ਦ੍ਰਿਭ ਦ੍ਰਿਸ਼ਟੀ ਗੁਰੂਆਂ ਪੀਰਾਂ ਦੀ, ਦ੍ਰਿਭ ਦਿਸ਼ਟੀ ਸੰਤ ਫਕੀਰਾਂ ਦੀ
ਜੋ ਪਰਮੇਸ਼ਰ ਨੂੰ ਪਾ ਲੈਂਦੇ,ਦ੍ਰਿਭ ਦਿਸ਼ਟੀ ਗੱਲ ਹੈ ਮਿਹਰਾਂ ਦੀ

ਦ੍ਰਿਭ ਦ੍ਰਿਸ਼ਟੀ ਦੀਆਂ ਗੱਲਾਂ ,ਗੁਝਿਆਂ ਭੇਦਾਂ ਨੂੰ ਖੋਲਣ
ਭੇਦ ਖੁੱਲਣ ਦੇ ਡਰ ਤੋਂ,ਬੇਈਮਾਨ ਤੇ ਲਗਦੇ ਡੋਲਣ
ਦ੍ਰਿਭ ਦਿਸ਼ਟੀ ਦੀਆਂ ਬਾਤਾਂ, ਪਰਮੇਸ਼ਰ ਦੀਆਂ ਸੌਗਾਤਾਂ
ਗੱਲ ਅਨੋਖੀ ਪਰਮੇਸ਼ਰ ਦੀ, ਕਿੰਝ ਬਣਦੇ ਦਿਨ ਤੇ ਰਾਤਾਂ

ਭੇਦ ਗੁਝੇ ਸੰਸਾਰ ਦੇ,ਦ੍ਰਿਭ ਦ੍ਰਿਸ਼ਟੀ ਵਾਲੇ ਜਾਨਣ
ਨਾਮ ਜਪਣ ਦੀਆਂ ਕਰਨ ਮਿਹਨਤਾਂ,ਰਬ ਦਾ ਹੁਕਮ ਪਛਾਨਣ
ਦ੍ਰਿਭ ਦ੍ਰਿਸ਼ਟੀ ਹੇ ਦ੍ਰਿਸ਼ਟਾ ਰੂਪੀ,ਹੈ ਦ੍ਰਿਸ਼ਟਮਾਨ ਤੋਂ ਵੱਖਰੀ
ਦ੍ਰਿਸ਼ਟਮਾਨ ਹੈ ਬਿਨਸਨਹਾਰ,ਦ੍ਰਿਸ਼ਟਾ ਹੈ ਦ੍ਰਿਭ ਦ੍ਰਿਸ਼ਟੀ

ਜਿਉਦਿਆਂ ਜੋ ਪਰਮੇਸ਼ਰ ਪਾਵਣ,ਵਿਚ ਹਜੂਰੀ ਵੱਸਦੇ
ਉਮਰ ਮੁਕਦਿਆਂ ਮੁਕਤੀ ਪਾਵਣ,ਜਨਮ ਮਰਣ ਤੋਂ ਛੁੱਟਦੇ
ਮੁਕਤੀ ਦੇ ਲਈ ਕਰੇ ਅਰਦਾਸਾਂ,'ਬੀਸਲਾ' ਬਾਣੀ ਪੜ੍ਹਕੇ
ਸਤਿਗੁਰਾਂ ਦੀ ਮਿਹਰ ਦਾ ਸਦਕਾ, ਲੰਘ ਜਾਈਏ ਭਵਜਲ ਤਰਕੇ



# ਕੌੜੇ ਬੋਲ

ਕੌੜੇ ਬੋਲ ਦੁਨੀਆਂ ਨੇ ਬੋਲੇ ਬਾਬੇ ਨੂੰ,
ਬਾਬੇ ਨੇ ਤਾਂ ਰੱਖ ਲਏ ਖਿਮਾਂ ਦੀ ਢਾਲ ਤੇ

ਅਕਲਾਂ ਦੇ ਅੰਨਿਆਂ ਨੂੰ ਗਿਆਨ ਵੰਡਿਆ,
ਸਰਬਤ ਦਾ ਭਲਾ ਮੰਗਿਆਂ ਸੰਸਾਰ ਤੇ

ਸੁਣ ਸੋਭਾ ਬਾਬੇ ਦੀ ਪਾਖੰਡੀ ਮਚਦੇ
ਬਾਬੇ ਨੂੰ ਭਜਾਉਣ ਦੀ ਵਿਉਂਤ ਰਚਦੇ

ਹਕੂਮਤਾਂ ਦੇ ਕੋਲ ਕਰਦੇ ਸ਼ਿਕਾਇਤਾਂ
ਸਾਭੀਆਂ ਨਾ ਜਾਣ ਦਿਲਾਂ ਦੀਆਂ ਹੁਜਤਾਂ
ਸੌ ਸਿਪਾਹੀ ਲਾਠੀਆਂ ਦੇ ਨਾਲ ਘੁੱਲਿਆ,
ਡਰਾਉਣ ਧਮਕਾਉਣ ਲਈ ਸੀ ਗੇੜ੍ਹ ਚੱਲਿਆ

ਲਾਠੀਆਂ ਤੇ ਗੱਤਕੇ ਦਿਖਾਉਣ ਬਾਬੇ ਨੂੰ
ਨੇੜੇ ਹੋਕੇ ਦੂਰ ਤਕ ਜਾਣ ਬਾਬੇ ਨੂੰ
ਮਰਦਾਨਾ ਕਹਿੰਦਾ ਬਾਬਾ ਭੀੜ੍ਹ ਆਪਣੇ ਲਈ ਆਵਦੀ
ਲਗਦੀ ਨਾ ਖੈਰ ਹੁਣੇ ਪਈ ਮੁਕਾਂਵਦੀ

ਆਪਣੇ ਲਈ ਵੇਖ ਕਿੰਨੀਆਂ ਤਿਆਰੀਆਂ
ਭਗਤੀ ਦੇ ਸਾਗਰਾਂ ਚ ਲਾਈਏ ਤਾਰੀਆਂ
ਉਚੀ ਉਚੀ ਵਾਹਿਗੁਰੂ ਬੋਲ ਮੁੱਖ ਚੋਂ
ਕੱਡ ਦਿਉ ਤੈਨੂੰ ਡਰ ਵਾਲੇ ਦੁੱਖ ਚੋ਼

ਹੋਰ ਉਚੀ ਬੋਲ ਡਰ ਜੇ ਹੈ ਲਗਦਾ
ਪਰਮੇਸ਼ਰ ਦਾ ਨਾਮ ਸੁਣ ਪਾਪ ਭੱਜਦਾ
ਬਾਬਾ ਮਰਦਾਨਾ ਬੈਠੇ ਨੇ ਅਡੋਲ ਜੀ
ਪਰਮੇਸ਼ਰ ਦੇ ਨਾਲ ਰੱਖੀ ਲਿਵ ਜੋੜ ਜੀ

ਰੱਬ ਕਰਦਾ ਸਹਾਇਤਾ ਆਪਣੇ ਪਿਆਰਿਆਂ
ਭਗਤਾਂ ਨੂੰ ਰੱਖਦਾ ਨਾ ਵਿਚ ਲਾਰਿਆਂ
ਭਗਤੀ ਤੋਂ ਹੀਣੀ ਦੁਨਿਆਂ ਹੈ ਫਿਰਦੀ
ਵਿਚਾਰਿਆਂ ਦੀ ਲਿਵ ਨਾ ਕਦੇ ਵੀ ਜੁੜਦੀ

ਚੇਹਰੇ ਵਾਲਾ ਨੂਰ ਬਾਬੇ ਦਾ ਤੱਕਿਆ
ਹਕੂਮਤਾਂ ਦਾ ਜਾਵੇ ਹੰਕਾਰ ਲੱਥਿਆ
ਪੈਰੀ ਪੈ ਪੈ ਭੁਲਾਂ ਪਏ ਬਖਸ਼ਾਵਦੇ
ਨਾਨਕ ਗੁਰੂ ਦੇ ਪਏ ਸੋਹਿਲੇ ਗਾਂਵਦੇ

ਨਫਰਤਾਂ ਨਾਲ ਅੱਖਾਂ ਹੋਈਆਂ ਅੰਨ੍ਹੀਆਂ
ਖੋਲ੍ਹੀਆਂ ਨੇ ਨਾਮ ਵਾਲੇ ਛਿੱਟੇ ਮਾਰ ਕੇ
'ਬੀਸਲਾ' ਗੁਰ ਨਾਨਕ ਦਾ ਇਤਿਹਾਸ ਪੜ੍ਹਦਾ
ਲਗਦੀ ਦਵਾਈ ਜ਼ਖਮਾਂ ਤੇ ਆਣ ਕੇ



# ਭਗਤੀ

ਜਿਨ੍ਹਾਂ ਦੀਆਂ ਭਗਤੀਆਂ ਹੋਈਆਂ ਪੂਰੀਆਂ
ਰਬ ਕੋਲੋਂ ਦਿਸਣ ਜਰਾ ਨਾ ਦੂਰੀਆਂ
ਗੁਰੂ ਦੀਆਂ ਰਹਿਮਤਾਂ ਜਰੂਰੀ ਚਾਹੀਏ
ਪ੍ਰੇਮ ਭਗਤੀ ਦੇ ਵਿਚ ਮਨ ਲਾਵੀਏ

ਗੁਰੂ ਕੋਲ ਭਗਤੀ ਦੇ ਭਰੇ ਭੰਡਾਰ ਨੇ
ਪਿਆਰਿਆਂ ਨੂੰ ਵੰਡਣ ਲਈ ਰਹਿੰਦੇ ਤਿਆਰ ਨੇ
ਨਾਮ ਜਪ ਜਪ ਮਨ ਸੁਧ ਕਰ ਲਓ
ਭਗਤੀ ਦੇ ਨਾਲ ਖਾਲੀ ਝੋਲੀ ਭਰ ਲਓ

ਭਗਤੀ ਤੋ ਬਿਨਾਂ ਨਾ ਕਰਮ ਬਣਦਾ
ਕਰਮਾਂ ਤੋ ਬਿਨਾਂ ਨਾ ਕੋਈ ਨਾਮ ਸਿਮਰਦਾ
ਚੰਗੇ ਮਾੜੇ ਕਰਮਾਂ ਦੇ ਦੁੱਖ ਸੁੱਖ ਨੇ
ਭਾਣੇ ਵਿਚ ਸਹਿਣੇ ਜਿਵੇਂ ਛਾਂ ਧੁੱਪ ਨੇ

ਗੁਰੂ ਸਦਾ ਸਚ ਦਾ ਹੈ ਰਾਹ ਦਸਦਾ
ਚਲਣਾ ਹੈ ਧਰਮ ਤੇ ਸਰਮ ਸਚ ਦਾ
ਜਿਹੜੇ ਜਿਹੜੇ ਦੱਸੇ ਰਸਤੇ ਤੇ ਚੱਲਦੇ
ਗੁਰੂ ਦੇ ਹੁਕਮ ਵਿਚ ਰਹਿਣ ਫਲਦੇ

ਗੁਰੂ ਫਿਰ ਪਰਖਾਂ ਨੇ ਰਹਿੰਦਾ ਕਰਦਾ
ਹੈ ਕੋਈ ਸਚੀਂ ਰਬ ਨਾਲ ਪਿਆਰ ਕਰਦਾ
ਪਿਆਰ ਪਰਖਾਂ ਤੇ ਜੋ ਵੀ ਪੂਰੇ ਉਤਰੇ

ਗੁਰੂ ਮਿਹਰਾਂ ਨਾਲ ਭਰ ਝੋਲੀਆਂ ਤੁਰੇ

ਗੁਰਸਿੱਖਾਂ ਦੀਆਂ ਸੱਚੀਆਂ ਨੇ ਸਾਖੀਆਂ
ਭਾਈ ਵੀਰ ਸਿੰਘ ਲਿਖਤਾਂ ਹੋ ਛਾਪੀਆਂ
ਮਨ ਚਿਤ ਲਾਕੇ ਸਾਖੀਆਂ ਨੂੰ ਪੜ੍ਹ ਲਓ
ਗੁਰੂ ਦੇ ਪ੍ਰੇਮ ਵਾਲੀ ਪੌੜੀ ਚੜ੍ਹ ਲਓ

ਇਤੀਹਾਸ ਗੁਰੂ ਦੀਆਂ ਜੋ ਨੇ ਹੱਡ ਬੀਤੀਆਂ
ਸਮਝੋ ਹਕੂਮਤਾਂ ਨੇ ਕਿਉਂ ਕੀਤੀਆਂ
ਇਤੀਹਾਸ ਨੂੰ ਵੀਚਾਰੋ ਗੁਰੂ ਦੇ ਗਿਆਨ ਨੂੰ
ਗੁਰ ਕਿਰਪਾ ਦੇ ਨਾਲ ਤਰੀਏ ਜਹਾਨ ਨੂੰ

ਸਾਖੀਆਂ ਦੀ 'ਬੀਸਲਾ' ਵੀਚਾਰ ਕਰਦਾ
ਗੁਰੂ ਵਾਲੇ ਪ੍ਰੇਮ ਵਿਚ ਜਾਵੇ ਠਰ੍ਹਦਾ



# ਮਿਸਾਲ

ਕਿਤੇ ਗੁਰੂ ਵੀ ਕਮਾਲ ਹੋਵੇ ,ਕਿਤੇ ਸਿਖ ਵੀ ਕਮਾਲ ਹੋਵੇ
ਇਹ ਬਾਤਾਂ ਧਰਮ ਦੀਆਂ ਇਕ ਵੱਖਰੀ ਮਿਸਾਲ ਹੋਵੇ

ਇਕ ਦੁਨਿਆ ਦਾ ਰਸਤਾ ਰਸਤੇ ਦੀ ਚਾਲ ਹੋਵੇ
ਇਕ ਭਗਤੀ ਦਾ ਰਸਤਾ ਗੁਰੂ ਭਗਤਾਂ ਨਾਲ ਹੋਵੇ

ਗੁਰ ਪੂਰਾ ਲੱਭਦਾ ਨਾ ਭੇਡਾਂ ਦੀ ਚਾਲ ਦਿਸੇ
ਗੁ੍ਰ ਪੂਰਾ ਲੱਭਣੇ ਨੂੰ ਜਦ ਆਇਆ ਖਿਆਲ ਕਿਸੇ
ਫਿਰ ਪੂਰੀਆਂ ਪੈਦੀਆਂ ਨੇ ਜਦ ਸਚ ਦਾ ਮੇਲ ਹੋਵੇ
ਕਤੇ ਗੁਰੂ ਵੀ ਕਮਾਲ ਹੋਵੇ ,ਕਿਤੇ ਸਿਖ ਵੀ ਕਮਾਲ ਹੋਵੇ
ਇਹ ਬਾਤਾਂ ਧਰਮ ਦੀਆਂ ਇਕ ਵੱਖਰੀ ਮਿਸਾਲ ਹੋਵੇ

ਗੁਰੂ ਨਾਨਕ ਗੁਰੂ ਹੋਇਆਂ,ਕਲਿਯੁਗ ਵਿਚ ਪ੍ਰਗਟਿਆ
ਸਿੱਖੀ ਦੀ ਪ੍ਰੀਖਿਆਂ ਵਿਚੋਂ ਭਾਈ ਲਹਿਣਾ ਨਿੱਤਰਿਆ
ਗੁਰੂ ਪੂਰਾ ਸਿੱਖ ਲੱਭ ਕੇ,ਨਦਰੀ ਨਦਰਿ ਨਿਹਾਲ ਹੋਵੇ
ਕਤੇ ਗੁਰੂ ਵੀ ਕਮਾਲ ਹੋਵੇ ,ਕਿਤੇ ਸਿਖ ਵੀ ਕਮਾਲ ਹੋਵੇ
ਇਹ ਬਾਤਾਂ ਧਰਮ ਦੀਆਂ ਇਕ ਵੱਖਰੀ ਮਿਸਾਲ ਹੋਵੇ

ਗੁਰੂ ਤੀਸਰੇ ਪਾਤਸ਼ਾਹ ਜੀ,ਸੇਵਾ ਬਿਰਧ ਹੋਕੇ ਵੀ ਕਰਦੇ
ਗੁਰੂ ਪੂਰਾ ਪਾਉਣ ਲਈ ਦਿਨ ਰਾਤ ਨੇ ਇਕ ਕਰਦੇ
ਗੁਰੂ ਵਾਲਿਆਂ ਨੂੰ ਪਰਖਾਂ ਨਿਗੁਰਿਆਂ ਦਾ ਕੀ ਹਾਲ ਹੋਵੇ
ਕਤੇ ਗੁਰੂ ਵੀ ਕਮਾਲ ਹੋਵੇ ,ਕਿਤੇ ਸਿਖ ਵੀ ਕਮਾਲ ਹੋਵੇ
ਇਹ ਬਾਤਾਂ ਧਰਮ ਦੀਆਂ ਇਕ ਵੱਖਰੀ ਮਿਸਾਲ ਹੋਵੇ

ਜਦੋਂ ਡੁਬਦਾ ਜਹਾਜ਼ ਦਿੱਸੇ,ਅਰਦਾਸਾਂ ਮੱਖਣ ਸ਼ਾਹ ਨੇ ਕਰੀਆਂ
ਸੁਣ ਪੂਰੇ ਸਤਿਗੁਰ ਨੇ,ਵਸਤਾਂ ਪਾਰ ਕਿਨਾਰੇ ਧਰੀਆਂ
ਪੰਜ ਸੌ ਥਾਂ ਪੰਜ ਰੱਖਦਾ,ਕਿਵੇਂ ਗੁਰੂ ਦੀ ਭਾਲ ਹੋਵੇ
ਕਿਤੇ ਗੁਰੂ ਵੀ ਕਮਾਲ ਹੋਵੇ ,ਕਿਤੇ ਸਿਖ ਵੀ ਕਮਾਲ ਹੋਵੇ
ਇਹ ਬਾਤਾਂ ਧਰਮ ਦੀਆਂ ਇਕ ਵੱਖਰੀ ਮਿਸਾਲ ਹੋਵੇ

ਭਾਈ ਨੰਦ ਲਾਲ ਜੀ ਹੋਏ,ਵਿਦਵਾਨ ਗੁਣੀ ਤੇ ਗਿਆਨੀ
ਛੱਡ ਨੌਕਰੀ ਬਾਦਸ਼ਾਹ ਦੀ ਲੱਭਿਆ ਗੁਰੂ ਗੋਬਿੰਦ ਦਿਲ ਜਾਨੀ
ਜਨੇਓ ਪਹਿਨਣਾ ਨਾ ਚਾਹੁੰਦੇ,ਮਨ ਪਾਰਖੂ ਖਿਆਲ ਹੋਵੇ
ਕਤੇ ਗੁਰੂ ਵੀ ਕਮਾਲ ਹੋਵੇ ,ਕਿਤੇ ਸਿਖ ਵੀ ਕਮਾਲ ਹੋਵੇ
ਇਹ ਬਾਤਾਂ ਧਰਮ ਦੀਆਂ ਇਕ ਵੱਖਰੀ ਮਿਸਾਲ ਹੋਵੇ



# ਵਿਚੋਲਾ

ਖਾਲੀ ਖਾਲੀ ਜਾਪੇ ਦੁਨੀਆਂ,ਗੁਰੂ ਵਾਲੇ ਪਿਆਰ ਤੋਂ ਬਿਨਾਂ
ਲਿਵ ਕਦੇ ਜੁੜ ਨਾ ਸਕੇ,ਗੁਰੂ ਪੂਰੇ ਦੇ ਦੀਦਾਰ ਤੋਂ ਬਿਨਾ

ਗ੍ਰੰਥਾਂ ਦੀ ਗਿਣਤੀ ਨਹੀਂ,ਵੱਖੋ ਵੱਖਰੇ ਨੇ ਧਰਮ ਬਣਾਏ
ਗ੍ਰੰਥਾਂ ਚ ਕੀ ਲਿਖਿਆ, ਹਰ ਕਿਸੇ ਦੇ ਸਮਝ ਨਾ ਆਏ
ਗ੍ਰੰਥਾਂ ਚ ਪਤਾ ਰਬ ਦਾ,ਜੇ ਕੋਈ ਉਹਨੂੰ ਮਿਲਣਾ ਚਾਹੇ
ਕਿਥੋਂ ਤੁਸੀ ਸ਼ੁਰੂ ਹੋਵਣਾ, ਕਿਥੇ ਪਹੁੰਚ ਕੇ ਇਹ ਯਾਤਰਾ ਮੁਕਾਏ
ਲੱਭਣਾ ਪਊ ਕੋਈ ਪਹੁੰਚਿਆਂ,ਜਿਨੇ ਪ੍ਰਭੂ ਜੀ ਦੇ ਦਰਸ਼ਣ ਪਾਏ

ਯਾਤਰਾ ਚ ਰੁਕਣਾ ਨਹੀਂ ,ਕਰੋ ਭਗਤੀ ਰੱਖੋ ਲਿਵ ਲਾਏ
ਮਿਲ ਜਾਊ ਕੋਈ ਪ੍ਰਭੂ ਪਿਆਰਾ,ਆਸ ਮਿਲਣੇ ਦੀ ਰੱਖੋ ਜੀ ਸਦਾਏ
ਗ੍ਰੰਥਾਂ ਨੂੰ ਪੜ੍ਹ ਸਕਣਾਂ,ਲੋਕੀ ਪੜ੍ਹਦੇ ਨੇ ਸਦੀਆਂ ਤੋਂ ਆਏ
ਪੜ੍ਹ ਪੜ੍ਹ ਗਲਾ ਥੱਕਿਆਂ,ਗੁਰਬਾਣੀ ਦੀ ਸਮਝ ਨਾ ਆਏ

ਬਾਣੀ ਲਿਖੀ ਪੂਰਿਆਂ ਗੁਰਾਂ ,ਜਿਨਾਂ ਪ੍ਰਭੂ ਵਾਲੇ ਦਰਸ਼ਣ ਪਾਏ
ਪੜ੍ਹ ਲੈਣਾ ਗੱਲ ਸੌਖੀ ਹੈ,ਗੁਝੇ ਭੇਦ ਤਾਈਂ ਕੌਣ ਸਮਝਾਏ
ਕੋਈ ਮਿਤਰ ਪਿਆਰਾ ਚਾਹੀਏ,ਜਿਸ ਮਿਲ ਕੰਤ ਪਛਾਣਿਆਂ ਜਾਏ
ਵਿਚੋਲੇ ਹੁੰਦੇ ਸੰਤ ਪਿਆਰੇ,ਸੋ ਜਨ ਜੋ ਪ੍ਰਭੂ ਜੀ ਨੂੰ ਭਾਏ

ਧਰਮ ਵਾਲੀ ਪੌੜੀ ਚੜ੍ਹੇ ਜੋ,ਸੋ ਸੰਤਾਂ ਕੇ ਮਾਰਗ ਆਏ
ਸੰਤਾਂ ਦੀ ਮਹਿਮਾ ਨਿਆਰੀ,ਹਰ ਧਰਮ ਨੇ ਸੰਤ ਬਣਾਏ
ਰਬ ਦੇ ਭਰੇ ਭੰਡਾਰ ਨੇ ,ਕਰ ਭਗਤੀ ਸੰਤਾਂ ਨੇ ਦਰਸ਼ਣ ਪਾਏ
ਭਰਿਆਂ ਭੰਡਾਰਿਆਂ ਵਿਚੋਂ ,ਸੰਤਾਂ ਭਗਤਾਂ ਨੂੰ ਗੱਫਾ ਮਿਲ ਜਾਏ

ਉਨ੍ਹਾਂ ਤੋ ਜਾਕੇ ਪੁਛੋ ਰਸਤਾ, ਸਾਡੀ ਯਾਤਰਾ ਕਿਧਰ ਨੂੰ ਜਾਏ
ਸੰਤਾਂ ਦਾ ਸੰਗ ਚਾਹੀਏ ,ਜੇ ਰਬ ਨੂੰ ਮਿਲਣੇ ਦਾ ਚਾਅ ਏ
'ਬੀਸਲਾ ਵੀ ਲੱਭੇ ਰਸਤਾ ,ਮੈਂ ਕਿੱਥੇ ਕੁ ਪਹੁੰਚ ਗਿਆ ਏਂ
ਕਰ ਕਿਰਪਾ ਮਿਲਾ ਦੇਈਂ ਮੈਨੂੰ ਸਤਿਗੁਰ,
ਜਨਮਾਂ ਜਨਮਾਂ ਦਾ ਵਿਛੁੜਿਆ ਏਂ



# ਪ੍ਰੇਮ ਭਗਤੀ

ਪ੍ਰੇਮ ਨਾਲ ਕਰੋ ਭਗਤੀ

ਗੁਰੂ ਵਾਲੀਆਂ ਮਿਹਰਾਂ ਦੇ ਗੱਫੇ ਮਿਲਦੇ

ਗੁਰੂ ਅੰਗ ਸੰਗ ਵਸਦਾ,

ਸਤਿਨਾਮ ਜਿਨਾਂ ਦੇ ਹਿਰਦੇ

ਗੁਰੂ ਵਾਲੀ ਲਗਨ ਲੱਗੇ,

ਲਗਨ ਲੱਗਿਆਂ ਧਰਮ ਦਾ ਸ਼ੌਕ ਆਵੇ

ਸ਼ੌਕ ਜਿਨਾਂ ਪੂਰਾ ਕਰਨਾ,

ਪ੍ਰੇਮ ਭਗਤੀ ਦੇ ਰਸਤੇ ਜਾਵੇ

ਭਗਤੀ ਦਾ ਮਾਰਗ ਸਹੀ ,

ਸਚੇ ਰਬ ਵਾਲਾ ਮੇਲ ਕਰਾਵੇ

ਰਬ ਦੇ ਦਵਾਰੇ ਪਹੁੰਚਿਆਂ

ਮਨੁੱਖਾ ਜਨਮ ਸਫਲ ਹੋ ਜਾਵੇ

# ਫਿਕਰ

ਭਗਤਾਂ ਤੋ ਵੀ ਫਿਕਰ ਰਹਿਣ ਸਰਕਾਰਾਂ ਨੂੰ
ਤਾਂਹੀਓ ਫਾਸੀਆਂ ਲਾਓਂਦੇ ਰਬ ਦੇ ਯਾਰਾਂ ਨੂੰ

ਜਿੰਦਗੀ ਮਿਲੀ ਹੈ ਰਬ ਦਾ ਚਿੰਤਨ ਕਰਨੇ ਨੂੰ
ਦੁਖ ਸੁਖ ਆਉਦੇ ਜਿੰਦਗੀ ਹਸ ਹਸ ਜਰਨੇ ਨੂੰ

ਹੋਣੀ ਹੋਵੇ ਰੋਕ ਨਾ ਸਕਦਾ ਕੋਈ ਹੈ
ਅੰਨ੍ਹੀ ਦੁਨਿਆਂ ਗਿਆਨ ਵਿਹੂਣੀ ਰੋਈ ਹੈ

ਗਲ ਸਮਝਾਉਣੀ ਔਖੀ ਮੂਰਖਾਂ ਅਤੇ ਗਵਾਰਾਂ ਨੂੰ
ਭਗਤਾਂ ਤੋ ਵੀ ਫਿਕਰ ਰਹਿਣ ਸਰਕਾਰਾਂ ਨੂੰ
ਤਾਂਹੀਓ ਫਾਸੀਆਂ ਲਾਓਂਦੇ ਰਬ ਦੇ ਯਾਰਾਂ ਨੂੰ

ਝਗੜੇ ਝੇੜੇ ਵੀ ਤਾਂ ਰਬ ਦਾ ਰੂਪ ਹੁੰਦੇ
ਮਰਨੇ ਵਾਲੇ ਮਾਰਨੇ ਵਾਲੇ ਸਾਰੇ ਰਬ ਸਰੂਪ ਹੁੰਦੇ

ਝਗੜਿਆਂ ਨੂੰ ਵੀ ਨਮਸਕਾਰ ਗੁਰ ਗਿਆਨੀ ਕਰਦੇ ਨੇ
ਪਰਮੇਸ਼ ਨੂੰ ਜਿਨ ਜਾਣਿਆਂ ਸੱਚੀਆਂ ਸਾਖੀਆਂ ਭਰਦੇ ਨੇ

ਕਰਦਾ ਰਬ ਸਹਾਇਤਾ ਪ੍ਰੇਮੀ ਤੇ ਦਿਲਦਾਰਾਂ ਨੂੰ
ਭਗਤਾਂ ਤੋ ਵੀ ਫਿਕਰ ਰਹਿਣ ਸਰਕਾਰਾਂ ਨੂੰ
ਤਾਂਹੀਓ ਫਾਸੀਆਂ ਲਾਓਂਦੇ ਰਬ ਦੇ ਯਾਰਾਂ ਨੂੰ



ਵੇਖ਼ ਤਮਾਸ਼ੇ ਦੁਨਿਆਂ ਵਾਲੇ,ਮੈਂ ਹੱਕਾ ਬੱਕਾ ਰਹਿ ਜਾਨਾ
ਵਾਹ ਹੈ ਤੇਰੀ ਰਚਨਾ,ਕਿਥੋਂ ਕਿਥੇ ਲੈ ਜਾਨਾ

ਸੁੱਖਾਂ ਦੇ ਨਾਲ ਚਲਦੀ ਜਿੰਦਗੀ,ਠੇਡਾ ਕੋਈ ਨਾ ਪੈਂਦਾ ਜੇ
ਹੋ ਸਕਦਾ ਓ ਰਬਾ ਤੇਰਾ ਖਿਆਲ ਨਾ ਆਂਉਦਾ ਵੇ

ਠੇਡੇ ਵੱਜੇ ਅੱਖਾਂ ਖੁਲ੍ਹੀਆਂ ਹੰਡਾਵਾਂ ਅਜਬ ਨਜਾਰਿਆਂ ਨੂੰ
ਭਗਤਾਂ ਤੋ ਵੀ ਫਿਕਰ ਰਹਿਣ ਸਰਕਾਰਾਂ ਨੂੰ
ਤਾਂਹੀਓ ਫਾਸੀਆਂ ਲਾਓਂਦੇ ਰਬ ਦੇ ਯਾਰਾਂ ਨੂੰ

ਕਰਨ ਵੀ ਕੀ ਵਿਚਾਰੇ ਵਿਹਲਿਆਂ ਨੂੰ ਕੋਈ ਕੰਮ ਨਹੀਂ
ਪੈੜਾਂ ਕੱਢਦੇ ਜਾਓ ਕਰਨੇ ਮਸਲੇ ਹਲ ਅਸੀਂ

ਕਈ ਵਾਰੀ ਹੋਵੇ ਈਰਖਾ,ਕਈ ਵਾਰੀ ਅੰਨ੍ਹਪੁਣਾ
ਸੰਜੋਗ ਵਿਯੋਗ ਚਲਾਵੇ ਦੁਨਿਆਂ ਦਾ ਵਣਜਪੁਣਾ

'ਬੀਸਲਾ' ਕਰਦਾ ਰਹੇ ਨਮਸਤੇ ,ਸਚੀਆਂ ਸਰਕਾਰਾਂ ਨੂੰ
ਭਗਤਾਂ ਤੋ ਵੀ ਫਿਕਰ ਰਹਿਣ ਸਰਕਾਰਾਂ ਨੂੰ
ਤਾਂਹੀਓ ਫਾਸੀਆਂ ਲਾਓਂਦੇ ਰਬ ਦੇ ਯਾਰਾਂ ਨੂੰ

# ਸੇਵਾ

ਸੇਵਾ ਨੂੰ ਲਗਦਾ ਮੇਵਾ , ਕਰਕੇ ਕੋਈ ਵੇਖ ਲਵੇ
ਦੂਜਿਆਂ ਤੇ ਕਿਰਪਾ ਹੁੰਦੀ ਸੜਦਾ ਨਾ ਵੇਖ ਰਵੇ

ਸੇਵਾ ਜੋ ਮਨ ਲਾ ਕਰਦੇ,ਧਰਮ ਦੀ ਪੌੜੀ ਚੜ੍ਹਦੇ
ਚੜ੍ਹਦੇ ਨੂੰ ਵੇਖ ਕੇ ਡਰਦੇ,ਸਮਝ ਨਾ ਸਕਣ ਕਦੇ

ਸੇਵਾ ਨੂੰ ਲਗਦਾ ਮੇਵਾ , ਕਰਕੇ ਕੋਈ ਵੇਖ ਲਵੇ
ਦੂਜਿਆਂ ਤੇ ਕਿਰਪਾ ਹੁੰਦੀ ਸੜਦਾ ਨਾ ਵੇਖ ਰਵੇ

ਰਾਗੀ ਤੇ ਢਾਡੀ ਗਾਉਂਦੇ, ਸੇਵਾ ਦੇ ਕਿੱਸੇ ਨੇ
ਸਚ ਨੂੰ ਸਚ ਸੁਨਾਉਣਾ,ਵਿਰਲਿਆਂ ਦੇ ਹਿੱਸੇ ਨੇ
ਧਰਮ ਦੇ ਨਾ ਤੇ ਠੱਗੀਆਂ,ਰੁਕੀਆਂ ਨਾ ਰੁਕਣ ਕਦੇ
ਸੇਵਾ ਨੂੰ ਲਗਦਾ ਮੇਵਾ , ਕਰਕੇ ਕੋਈ ਵੇਖ ਲਵੇ
ਦੂਜਿਆਂ ਤੇ ਕਿਰਪਾ ਹੁੰਦੀ ਸੜਦਾ ਨਾ ਵੇਖ ਰਵੇ

ਸੁਣ ਸੁਣ ਤੇ ਪੜ੍ਹ ਪੜ੍ਹ ਥੱਕ ਗਏ ਧਰਮਾਂ ਦੇ ਬੰਦੇ ਕਈ
ਸੁਨਣ ਤੇ ਪੜ੍ਹਣ ਵੇਲੇ, ਸੁਰਤ ਕਿਤੇ ਹੋਰ ਰਹੀ
ਸੁਨਣ ਤੇ ਪੜ੍ਹਣ ਲਈ ਤਾਂ ਸਿਖਿਆ ਦੀ ਲੋੜ ਅਜੇ
ਸੇਵਾ ਨੂੰ ਲਗਦਾ ਮੇਵਾ , ਕਰਕੇ ਕੋਈ ਵੇਖ ਲਵੇ
ਦੂਜਿਆਂ ਤੇ ਕਿਰਪਾ ਹੁੰਦੀ ਸੜਦਾ ਨਾ ਵੇਖ ਰਵੇ



ਸੇਵਾ ਦੀਆਂ ਨਿਆਰੀਆਂ ਬਾਤਾਂ,ਗ੍ਰੰਥਾਂ ਵਿਚ ਲਿਖੀਆਂ ਨੇ
ਜੋ ਵੀ ਉਹਦੇ ਮਨ ਨੂੰ ਭਾਅ ਗਏ ,ਉਨ੍ਹਾਂ ਨੂੰ ਦਿੱਤੀਆਂ ਨੇ
ਧੋਖੇ ਤੇ ਠੱਗੀਆਂ ਕਦੇ ਪਹੁੰਚ ਨਾ ਸਕਣ ਕਦੇ
ਸੇਵਾ ਨੂੰ ਲਗਦਾ ਮੇਵਾ , ਕਰਕੇ ਕੋਈ ਵੇਖ ਲਵੇ
ਦੂਜਿਆਂ ਤੇ ਕਿਰਪਾ ਹੁੰਦੀ ਸੜਦਾ ਨਾ ਵੇਖ ਰਵੇ

ਕਿਰਪਾ ਦੇ ਰੰਗ ਨਿਆਰੇ ,ਨਸ਼ੇ ਨੇ ਪਿਆਰਾਂ ਦੇ
ਭਰਿਆਂ ਇਤੀਹਾਸ ਪਿਆ ਹੈ,ਯੋਧਿਆਂ ਦੀਆਂ ਵਾਰਾਂ ਨੇ
ਸੀਸ ਤੋਂ ਬਿਨਾਂ ਵੀ ਲੜਨਾ,ਕੀ ਹੋ ਸਕਦਾ ਹੈ ਕਦੇ
ਸੇਵਾ ਨੂੰ ਲਗਦਾ ਮੇਵਾ , ਕਰਕੇ ਕੋਈ ਵੇਖ ਲਵੇ
ਦੂਜਿਆਂ ਤੇ ਕਿਰਪਾ ਹੁੰਦੀ ਸੜਦਾ ਨਾ ਵੇਖ ਰਵੇ

'ਬੀਸਲਾ' ਵੀ ਪੜ੍ਹ ਸੁਣ ਕਿੱਸੇ ,ਨਸ਼ਾ ਜਿਹਾ ਕਰ ਬੈਠਾ
ਮਸਤੀ ਵਿਚ ਝੁਮਦਾ ਫਿਰਦਾ,ਦੁਨਿਆਂ ਤੋਂ ਦਿਸੇ ਜੁਦਾ
ਰਬ ਤੇ ਵਿਸ਼ਵਾਸ ਹੋ ਗਿਆ ਕਦਮ ਤਾਂ ਜਾਣ ਵਧੇ
ਸੇਵਾ ਨੂੰ ਲਗਦਾ ਮੇਵਾ , ਕਰਕੇ ਕੋਈ ਵੇਖ ਲਵੇ
ਦੂਜਿਆਂ ਤੇ ਕਿਰਪਾ ਹੁੰਦੀ ਸੜਦਾ ਨਾ ਵੇਖ ਰਵੇ

# ਰੁਕ ਰੁਕ

ਮਨਜਿੰਦਰ ਦੀਏ ਕਲਮੇਂ ਤੂੰ ਕਿਓ ਰੁਕ ਗਈ ਏ
ਬੜਾ ਚਿਰ ਹੋਇਆ ਕੋਈ ਕਵਿਤਾ ਬਣਾਈ ਨਾ
ਰੰਗ ਸੰਸਾਰ ਦੇ ਨੇ ਜੀਵਨ ਨਿਖਾਰ ਦੇ ਨੇ
ਲਿਖੀ ਚਲ ਲਿਖੀ ਚਲ ਰੁਕ ਕਿਤੇ ਜਾਈਂ ਨਾ

ਬੇਪਰਵਾਹ ਜਿਹੇ ਵਿਚਾਰ ਜਿਹੇ ਵੀਚਾਰ ਜਿਹੜੇ ਆਈ ਜਾਂਦੇ
ਤੇਰਾ ਕਿਹੜਾ ਜੋਰ ਲੱਗੇ ਕਲਮ ਘੁਮਾਈ ਜਾ
ਕਥਾ ਤੇ ਕਹਾਣੀਆਂ ਨਿਤ ਦਿਨ ਹੋਈ ਜਾਣ
ਜੋੜ ਤੋੜ ਕਰਕੇ ਤੂੰ ਕਵਿਤਾ ਬਣਾਈ ਜਾ
ਮਨਜਿੰਦਰ ਦੀਏ ਕਲਮੇਂ ਤੂੰ ਕਿਓ ਰੁਕ ਗਈ ਏ
ਬੜਾ ਚਿਰ ਹੋਇਆ ਕੋਈ ਕਵਿਤਾ ਬਣਾਈ ਨਾ

ਮਾਣ ਲੈ ਨਜਾਰੇ ਤੂੰ ਵੀ ਕਵਿਤਾ ਬਨਾਉਣ ਦੇ
ਜੋ ਜੋ ਵੀ ਵੇਖੇ ਸੁਣੇ ਤਜਰਵੇ ਨੇ ਜਿਉਣ ਦੇ
ਹਡ ਬੀਤੀਆਂ ਤੇ ਜਗ ਬੀਤੀਆਂ ਨੂੰ ਵੇਖ ਲੈ
ਜਿੰਦਗੀ ਦਾ ਹਿਸਾ ਨੇ ਐਵੇਂ ਨਾ ਛੁਪਾਈ ਜਾ
ਮਨਜਿੰਦਰ ਦੀਏ ਕਲਮੇਂ ਤੂੰ ਕਿਓ ਰੁਕ ਗਈ ਏ
ਬੜਾ ਚਿਰ ਹੋਇਆ ਕੋਈ ਕਵਿਤਾ ਬਣਾਈ ਨਾ



ਧਰਮਾਂ ਦੇ ਬਾਰੇ ਹੈ ਵੀਚਾਰ ਆਪੋ ਆਪਣੇ
ਕਵਿਤਾ ਬਣਾਕੇ ਜਿਹੜਾ ਲਗਦਾ ਤੂੰ ਨਾਪਣੇ
ਧਰਮ ਦਾ ਜਿੰਦਗੀ ਦੇ ਨਾਲ ਗੂੜ੍ਹਾ ਰਿਸ਼ਤਾ
ਸ਼ੁਰੂ ਹੋਇਆ ਕਿੱਥੋਂ ਕਿੱਥੇ ਸਫਰ ਮੁਕਾਈਦਾ
ਮਨਜਿੰਦਰ ਦੀਏ ਕਲਮੇਂ ਤੂੰ ਕਿਓ ਰੁਕ ਗਈ ਏ
ਬੜਾ ਚਿਰ ਹੋਇਆ ਕੋਈ ਕਵਿਤਾ ਬਣਾਈ ਨਾ

ਭਰਮ ਭੁਲੇਖਿਆਂ ਚ ਭੁੱਲੀ ਫਿਰੇ ਦੁਨਿਆਂ
ਸੰਸਾਰ ਉਤੇ ਆਉਣ ਦਾ ਕਾਰਨ ਸੀ ਸੁਣਿਆ
ਜਿਸਦੇ ਹੁਕਮ ਵਿਚ ਸ਼੍ਰਿਸ਼ਟੀ ਹੈ ਚਲਦੀ'
'ਬੀਸਲਿਆਂ' ਦਿਨ ਰਾਤ ਗੁਣ ਉਹਦੇ ਗਾਈ ਜਾ
ਮਨਜਿੰਦਰ ਦੀਏ ਕਲਮੇਂ ਤੂੰ ਕਿਓ ਰੁਕ ਗਈ ਏ
ਬੜਾ ਚਿਰ ਹੋਇਆ ਕੋਈ ਕਵਿਤਾ ਬਣਾਈ ਨਾ
ਰੰਗ ਸੰਸਾਰ ਦੇ ਨੇ ਜੀਵਨ ਨਿਖਾਰ ਦੇ ਨੇ
ਲਿਖੀ ਚਲ ਲਿਖੀ ਚਲ ਰੁਕ ਕਿਤੇ ਜਾਈਂ ਨਾ

# ਇੱਕ

ਸ਼ੁਰੂ ਹੈ ਕਹਾਣੀ ਗੁਰੂ ਨਾਨਕ ਤੋਂ ਹੋਵਦੀਂ
ਅੰਮ੍ਰਿਤਸਰ ਵਾਲੀ ਧਰਤੀ ਜੋ ਸੋਭਦੀ
ਪਹਿਲੇ ਗੁਰੂ ਚਲ ਆਪ ਚਰਣ ਟਿਕਾਏ ਸੀ
ਰਬ ਦੇ ਪਿਆਰਿਆਂ ਨਾਲ ਬਚਨ ਕਮਾਏ ਸੀ

ਹੌਲੀ ਹੌਲੀ ਇੱਥੇ ਪ੍ਰਕਾਸ਼ ਗਿਆ ਵੱਧਦਾ,
ਜੋਤ ਸਰੂਪ ਬਾਬਾ ਲਹਿਣਾ ਅੰਗਦ ਬਣਦਾ
ਤੀਸਰੇ ਜੋ ਗੁਰੂ ਅਮਰਦਾਸ ਜੀ ਹੋਏ ਨੇ,
ਸੇਵਾ ਸਦਕਾ ਹੀ ਸਾਰੇ ਵਰ ਪ੍ਰਾਪਤ ਹੋਏ ਨੇ

ਪਰਖਾਂ ਸੀ ਕੀਤੀਆਂ ਗੱਦੀ ਅੱਗੇ ਆਈ ਸੀ
ਭਾਈ ਜੇਠਾ ਬਣੇ ਗੁਰੂ ਰਾਮਦਾਸ ਸਹਾਈ ਜੀ
ਜੀਵਾਂ ਦਿਆਂ ਦੁੱਖਾਂ ਤੇ ਭੁੱਖਾਂ ਨੂੰ ਸੀ ਹਰਨਾ
ਤੀਰਥ ਅਸਥਾਨ ਉਸ ਅਸਥਾਨ ਨੇ ਸੀ ਬਨਣਾ

ਉਸ ਇਕ ਦਾ ਹੀ ਦਰਬਾਰ ਸਜਾਉਣ ਲਈ
ਗੁਰੂ ਰਾਮਦਾਸ ਜੀ ਨੇ ਹਰਿ ਮੰਦਿਰ ਬਣਾਉਣ ਲਈ
ਉਸ ਇਕ ਨੂੰ ਹੀ ਸੀਸ ਨਿਵਾਉਣ ਲਈ
ਧਰੋ ਇਟ ਨੀਹਾਂ ਰੱਖੋ ਗੁਣਗਾਣ ਗਾਉਣ ਲਈ

ਚੱਲੀ ਸੀ ਵਿਚਾਰ ਨੀਹਾਂ ਕਿਸ ਤੋ ਰਖਾਵੀਏ,
ਰਬ ਦੇ ਪਿਆਰਾਂ ਵਾਲੀ ਸਾਂਝ ਗੂੜ੍ਹੀ ਪਾ ਦੇਈਏ
ਸਤਿਗੁਰ ਆਇਆ ਖਿਆਲ ਰਬ ਦੇ ਫਕੀਰਾਂ ਦਾ
ਗੁਰੂ ਦੀਆਂ ਗੁਰੂ ਜਾਣੇ ਭੇਦ ਕੀ ਸਰੀਰਾਂ ਦਾ



ਸੱਦੇ ਪ੍ਰਵਾਨ ਹੋਏ ਗੁਰੂ ਵਾਲੇ ਘਰ ਦੇ
ਸਾਈਂ ਮੀਆਂ ਮੀਰ ਜੀ ਇੱਟ ਨੀਹ ਦੀ ਧਰਦੇ

ਸਤਿਗੁਰ ਜਿਨਾਂ ਕੋਲੋ ਨੀਹਾਂ ਰਖਵਾਈਆਂ ਸੀ
ਰਬ ਦੇ ਫਕੀਰਾਂ ਨੂੰ ਕਿਤੇ ਭੁੱਲ ਜਾਈਏ ਨਾ
ਅਕਲਾਂ ਤੁਹਾਡੀਆਂ ਨੂੰ ਗੋਲਕਾਂ ਨੇ ਖਾ ਲਿਆ
ਰਬ ਇਕ ਓਕਾਰ ਹੈ ਭੇਦ ਭੁੱਲ ਜਾਈਏ ਨਾ

ਜਪੁਜੀ ਤੇ ਰਹਿਰਾਸ ਪੜ੍ਹਦੇ ਨਹੀ ਲਗਦੇ
ਬਾਣੀ ਨੂੰ ਵਿਚਾਰਿਆਂ ਭੇਦ ਪਤਾ ਲਗਦੇ
ਸੰਤਾਂ ਫਕੀਰਾਂ ਕੋਲ ਇਕ ਦਾ ਗਿਆਨ ਹੈ
ਧਾਰਮਿਕ ਗ੍ਰੰਥਾਂ ਵਿਚ ਇਸਦਾ ਬਿਆਨ ਹੈ

ਆਦਿ ਅਤੇ ਅੰਤ ਕਿਹਾ ਇਕ ਅਵਤਾਰ ਹੈ
ਕਿਹੜੀ ਕਹਾਣੀ ਦਾ ਕਰਿਆ ਵਿਚਾਰ ਹੈ
ਨਮਸਕਾਰ ਗੁਰਾਂ ਉਸ ਇਕ ਨੂੰ ਹੀ ਕਰੀ ਹੈ
ਸ੍ਰਿਸ਼ਟੀ ਹੀ ਸਾਰੀ ਜਿਸ ਨੇ ਸਾਜ ਧਰੀ ਹੈ

ਮਾਲਕ ਹੈ ਆਪ ਉਹ ਇਕ ਹੈ ਅਕਾਲ ਰੂਪ
ਅਜਬ ਸ੍ਰਿਸ਼ਟੀ ਹੈ ਸਾਰਾ ਉਸਦਾ ਸਰੂਪ
ਅਕਲਾਂ ਦੇ ਹੰਕਾਰ ਠਹਿਰ ਨਹੀਂ ਸਕਦੇ
ਇਤੀਹਾਸ ਵਾਲੇ ਵਰਕੇ ਹਾਲ ਸਾਰਾ ਦੱਸਦੇ

ਕਿੰਨੀ ਵਾਰੀ ਇੱਟ ਹਰਿਮੰਦਰ ਨਾਲ ਖੜ੍ਹਕੀ
ਨੀਹਾਂ ਕਿਹਨੇ ਰੱਖੀਆਂ ਭੁੱਲੇ ਇਹ ਵੀਚਾਰ ਸੀ
ਕਿਹਦੇ ਗੁਣ ਗਾਏ ਜਾਂਦੇ ਦਿਨ ਅਤੇ ਰਾਤ ਜੀ

ਇਕ ਪਰਮੇਸ਼ਰ ਦੇ ਭੇਦ ਵਾਲੀ ਬਾਤ ਜੀ
'ਬੀਸਲੇ'' ਦੀ ਕਲਮ ਧਰਮ ਲਈ ਘੁੰਮਦੀ
ਸੰਤਾਂ ਫਕੀਰਾਂ ਦਿਆਂ ਚਰਨਾਂ ਨੂੰ ਚੁੰਮਦੀ



# ਸੰਸੇ

ਪੰਜਵੇਂ ਗੁਰ ਅਰਜੁਨ ਵਾਲੀ ਬਾਣੀ ਜਦ ਪੜ੍ਹ ਗਿਆ ਮੈਂ
ਪਰਮੇਸ਼ਰ ਦੇ ਰਸੱਤੇ ਵਾਲੀ ਪਾਉੜੀ ਪੈਰ ਧਰ ਗਿਆ ਮੈ

ਬਾਣੀ ਵਿਚ ਖਰੀਆਂ ਖਰੀਆਂ ,ਖੋਲ੍ਹ ਗੁਰ ਲਿਖ ਦਿੱਤਾ
ਸਚ ਦੀਆਂ ਪੈੜਾਂ ਪਾਈਆਂ,ਸੰਸਾ ਨਾ ਰਹਿਣ ਦਿੱਤਾ

# ਪਰਮੇਸ਼ਰ

ਕਿੰਨੀ ਦੂਰ ਦੁਨਿਆਂ ਮੈਂ ਵੇਖ ਲਈ
ਸੰਸਿਆਂ ਨਾਲ ਪਈ ਭਰਪੂਰ ,ਦੁਨਿਆਂ ਮੈ ਵੇਖ ਲਈ

ਸੰਸੇ ਬੇਕਾਰ ਦੇ ਸਾਰੇ ,ਬ੍ਰਹਿਮ ਗਿਆਨੀ ਤਰ ਗਏ ਲਿਖਿਆ
ਪੜ੍ਹ ਕੇ ਵੀ ਸਮਝ ਨਾ ਆਵੇ ਧਰਮ ਦੀ ਜਿਹੜੀ ਸਿਖਿਆ

ਬਾਣੀ ਵਿਚ ਭਗਤੀ ਰਸ ਹੈ ਭਰੇ ਭੰਡਾਰ ਪਏ
ਪਰਮੇਸ਼ਰ ਦੇ ਪਿਆਰਿਆਂ ਵਾਲੇ ਅਗੰਮੀ ਵਿਚਾਰ ਪਏ

ਇਸ ਦੇ ਵਿਚ ਨਸ਼ੇ ਅਨੋਖੇ ਪੀਣਾ ਗੁਰ ਦਸ ਗਏ ਨੇ
ਤੱਤੀਆਂ ਤਵੀਆਂ ਤੇ ਬਹਿ ਕੇ ਭਾਣਾ ਮਨ ਹਸ ਗਏ ਨੇ

ਉਨ੍ਹਾਂ ਦੀ ਬਾਣੀ ਮਿੱਠੀ ਤਪਦਿਆਂ ਨੂੰ ਠਾਰ ਦੇਵੇ
ਅਕਲਾਂ ਦੇ ਅੰਨ੍ਹਿਆਂ ਨੂੰ ਵੀ ਸੀਨੇ ਲਾ ਪਿਆਰ ਦੇਵੇ

ਸੰਸੇ ਇਹ ਕਿੱਦਾਂ ਮੁਕਣੇ ਇਕੋ ਹੀ ਰਸਤਾ ਹੈ
ਸੰਤਾਂ ਦੀ ਸ਼ਰਣ ਪਿਆਂ ਸੰਸੇ ਦੁਖ ਨਸਦਾ ਹੈ

ਸੰਤ ਅਤੇ ਪਰਮੇਸ਼ਰ ਦੇ ਵਿਚ ਭੇਦ ਨਹੀਂ ਹੁੰਦਾ ਹੈ
ਸੰਤਾਂ ਦਾ ਮੇਲ ਹੋ ਜਾਣਾ ਵੱਡੇਭਾਗੀ ਹੁੰਦਾ ਹੈ

ਸੰਤਾਂ ਤੇ ਭਗਤਾਂ ਵਾ਼ਲੀ ਬਾਣੀ ਨੂੰ ਇਕੱਠਿਆਂ ਕੀਤਾ
ਬਰਾਬਰ ਦਾ ਦਰਜਾ ਦਿੱਤਾ ਰਤਾ ਨਾ ਫਰਕ ਸੀ ਕੀਤਾ



'ਬੀਸਲਾ' ਸਮਝਣਾ ਚਾਹੇ ਗੁਰਾਂ ਦੀ ਬਾਣੀ ਨੂੰ
ਸੰਤਾਂ ਤੋ਼ ਕਥਾਂ ਵੀ ਸੁਣਦਾ ਅਕਥ ਕਹਾਣੀ ਨੂੰ

ਪਿਆਰ ਪਰਮੇਸ਼ਰ ਵਾਲੇ,ਪਾਸੇ ਨੂੰ ਪਾ ਦੇਈਂ ਗੂੜ੍ਹਾ
ਤੇਰੇ ਤੇ ਰੱਖਾਂ ਭਰੋਸਾ ,ਤੂੰ ਮੇਰਾ ਸਤਿਗੁਰ ਪੂਰਾ

# ਦਸਵੇਂ ਪਾਤਿਸ਼ਾਹ ਜੀ ਨੇ ਖਾਲਸਾ ਸਜਾਓਣ ਸਮੇਂ ਬਚਨ ਕੀਤੇ

" ਚਿੜੀਓਂ ਸੇ ਮੈਂ ਬਾਜ਼ ਤੁੜਾਂਓ,
ਗਿੱਦੜੋਂ ਸੇ ਮੈਂ ਸ਼ੇਰ ਬਣਾਓਂ,
ਸਵਾ ਲਾਖ ਸੇ ਏਕ ਲੜਾਓਂ,
ਤਬੈ ਗੋਬਿੰਦ ਸਿੰਘ ਨਾਮ ਕਹਾਓਂ ॥"

ਇਸ ਅਨੋਖੀ ਸਚਾਈ ਤੋਂ ਸਿੱਖੋ ਅੱਜ ਆਪਾਂ

## ਕਿੰਨੀ ਦੂਰ .....?

ਮਨਜਿੰਦਰ ਸਿੰਘ ਬੀਸਲਾ